## ਸਿਰਲੇਖ 17. ਕੈਲੀਫੋਰਨਿਆ ਏਅਰ ਰਿਸੋਰਸਿਸ ਬੋਰਡ

# ਭਾਰੀ ਗੱਡੀਆਂ ਤੋਂ ਹੋਣ ਵਾਲੇ ਗ੍ਰੀਨ-ਹਾਉਸ ਗੈਸ ਐਮੀਸ਼ਨ ਘੱਟਾਉਣ ਲਈ ਕੋਈ ਵਿਨਿਯਮ ਧਾਰਣ ਕਰਨ ਉੱਤੇ ਵਿਚਾਰ ਕਰਨ ਲਈ ਜਨਤੱਕ ਸੁਣਵਾਈ ਦੀ ਸੂਚਨਾ

ਏਅਰ ਰਿਸੋਰਸਿਸ ਬੋਰਡ (ਏਆਰਬੀ ਜਾਂ ਬੋਰਡ) ਹੇਠਾਂ ਦਿੱਤੇ ਗਏ ਸਮੇਂ ਅਤੇ ਥਾਂ ਉੱਤੇ ਭਾਰੀ ਗੱਡੀਆਂ (ਐਚਡੀਵੀ) ਤੋਂ ਹੋਣ ਵਾਲੇ ਗ੍ਰੀਨਹਾਉਸ ਗੈਸ (ਜੀਐਚਜੀ) ਐਮੀਸ਼ਨ ਨੂੰ ਘੱਟਾਉਣ ਲਈ ਕੋਈ ਵਿਨਿਯਮ ਧਾਰਣ ਕਰਨ ਉੱਤੇ ਵਿਚਾਰ ਕਰੇਗਾ। ਐਚਡੀਵੀ ਆਮਤੌਰ ਤੇ ਮਾਲ ਲੈ ਆਉਣ-ਜਾਉਣ ਲਈ ਵਰਤੇ ਜਾਂਦੇ ਹਨ ਅਤੇ ਇਹਨਾਂ ਵਿੱਚ ਵਿਸ਼ੇਸ਼ ਤੌਰ ਤੇ ਭਾਰੀ ਟ੍ਰੈਕਟਰ (ਟ੍ਰੈਕਟਰ), ਉਰਜਾ ਈਕਾਈ ਅਤੇ ਇੱਕ ਟ੍ਰੇਲਰ, ਖਿੱਚਣ ਵਾਲੀ ਈਕਾਈ ਸ਼ਾਮਲ ਹੁੰਦੀ ਹੈ। ਪ੍ਰਸਤਾਵਤ ਵਿਨਿਯਮ 53-ਫੁਟੇ ਜਾਂ ਲੰਮੇ ਬਾੱਕਸ-ਪ੍ਰਕਾਰ ਟ੍ਰੇਲਰਾਂ ਅਤੇ ਟ੍ਰੈਕਟਰ ਜੋ ਕੈਲੀਫੋਰਨਿਆ ਰਾਜਮਾਰਗ ਉੱਤੇ ਪਰਿਚਾਲਨ ਦੇ ਸਮੇਂ ਉਹਨਾਂ ਨੂੰ ਖਿੱਚਦੇ ਹਨ, ਨੂੰ ਪ੍ਰਭਾਵਤ ਕਰਦਾ ਹੈ।

ਇਸ ਸੂਚਨਾ ਵਿੱਚ ਪੇਸ਼ ਕੀਤੀ ਗਈ ਵਿਨਿਆਮਕ ਕਾਰਵਾਈ ਦਾ ਸਾਰ ਹੈ। ਸਟਾਫ ਰਿਪੋਰਟ ਦਸਤਾਵੇਜ਼ ਪ੍ਰਸਤਾਵਤ ਵਿਨਿਯਮ ਅਤੇ ਵੱਧ ਵੇਰਵੇ ਵਿੱਚ ਵਿਨਿਯਮ ਧਾਰਣ ਕਰਨ ਲਈ ਸਮਰਥੱਨ ਵਿੱਚਲੀ ਜਾਣਕਾਰੀ ਪੇਸ਼ ਕਰਦਾ ਹੈ।

ਮਿਤੀ: 11 ਦਿਸੰਬਰ, 2008

ਸਮਾਂ: ਸਵੇਰੇ 9.00 ਵਜੇ

ਥਾਂ: ਕੈਲੀਫੋਰਨਿਆ ਵਾਤਾਵਰਣੀ ਸੁਰੱਖਿਆ ਏਜੰਸੀ
ਏਅਰ ਰਿਸੋਰਸਿਸ ਬੋਰਡ
ਬਾਏਰਨ ਸ਼ੇਰ ਆਡੀਟੋਰਿਯਮ, ਦੂਜੀ ਮੰਜ਼ਲ
1001 I ਸਟ੍ਰੀਟ
ਸੈਕਰਾਮੇਂਟੋ, ਕੈਲੀਫੋਰਨਿਆ 95814

ਇਸ ਮਦ ਉੱਤੇ ਬੋਰਡ ਦੀ ਦੋ-ਦਿਨਾਂ ਦੀ ਵਿੱਚ ਵਿਚਾਰ ਕੀਤਾ ਜਾਵੇਗਾ ਜੋ ਮਿਤੀ 11 ਦਿਸੰਬਰ, 2008 ਨੂੰ ਸਵੇਰੇ 9.00 ਵਜੇ ਸ਼ੁਰੂ ਹੋਵੇਗੀ ਅਤੇ ਮਿਤੀ 12 ਦਿਸੰਬਰ, 2008 ਨੂੰ ਸਵੇਰੇ 8.00 ਵਜੇ ਜਾਰੀ ਰੱਖੀ ਜਾ ਸਕਦੀ ਹੈ। ਸੰਭਾਵਤ ਤੌਰ ਤੇ, ਇਸ ਮਦ ਉੱਤੇ ਮਿਤੀ 12 ਦਿਸੰਬਰ, 2008 ਤੱਕ ਵਿਚਾਰ ਨਹੀਂ ਕੀਤਾ ਜਾਵੇ। ਕਿਰਪਾ ਕਰਕੇ ਉਸ ਦਿਨ ਦਾ ਨਿਰਧਾਰਣ ਕਰਨ ਲਈ ਜਦੋਂ ਇਸ ਮਦ ਉੱਤੇ ਵਿਚਾਰ ਕੀਤਾ ਜਾਵੇਗਾ, ਬੈਠਕ ਲਈ ਏਜੰਡੇ ਬਾਰੇ ਗੱਲਬਾਤ ਕਰੋ, ਜੋ ਮਿਤੀ 11 ਦਿਸੰਬਰ, 2008 ਤੋਂ ਘੱਟ ਤੋਂ ਘੱਟ ਦਸ ਦਿਨ ਪਹਿਲਾਂ ਉਪਲਬੱਧ ਹੋਵੇਗਾ।

ਇਸ ਪ੍ਰਸਤਾਵਨਾ ਦੇ ਬੋਰਡ ਦੇ ਵਿਚਾਰ ਦੀ ਮਿਆਦ ਦੌਰਾਨ, ਇਸਨੂੰ ਪ੍ਰਸਤਾਵਤ ਨਿਯਮ ਬਣਾਉਣ ਲਈ ਪਾਲਣਾ ਵਿੱਚ ਵਰਤੇ ਜਾਣ ਲਈ ਵਿਕਸਿਤ ਹੋ ਰਹੀ ਨਵੀਂ ਅਤੇ ਉੱਤੇ ਉਠ ਰਹੀ ਤਕਨੀਕਾਂ ਨੂੰ ਵੇਖਣ ਲਈ ਲੋਕਾਂ ਅਤੇ ਦਿਲਚਸਪੀ ਰੱਖਣ ਵਾਲੀ ਪਾਰਟੀਆਂ ਨੂੰ ਸਮਰੱਥ ਬਣਾਉਣ ਲਈ ਰੋਕਿਆ ਜਾ ਸਕਦਾ ਹੈ।

ਸੰਵੇਦੀ ਅਸਮਰੱਥਤਾਵਾਂ ਵਾਲੇ ਬੰਦਿਆਂ ਲਈ, ਇਹ ਦਸਤਾਵੇਜ਼ ਅਤੇ ਦੂਜੀ ਸੰਬੰਧਤ ਸਮਗਰੀ ਬ੍ਰੇਲ, ਵੱਡੇ ਪ੍ਰਿੰਟਾਂ, ਆਡੀਓ ਕੈਸਟ ਜਾਂ ਕੰਪਊਟਰ ਡਿਸਕ ਵਿੱਚ ਉਪਲਬੱਧ ਕਰਾਈ ਜਾ ਸਕਦੀ ਹੈ। ਸਹਯੋਗ ਲਈ, ਕਿਰਪਾ ਕਰਕੇ ਅਸਮਰੱਥਾ ਸੇਵਾਵਾਂ ਲਈ ਆਪਣੀ ਬੇਨਤੀ ਕਰਨ ਲਈ ਏਆਰਬੀ ਦੇ ਉਚੱਤ ਆਵਾਸ/ਅਸਮਰੱਥਤਾ ਕੋ-ਆੱਰਡੀਨੇਟਰ ਨਾਲ ਸਿੱਧੇ 916-323-4916 ਤੇ ਜਾਂ 711 ਤੇ ਕੈਲੀਫੋਰਨਿਆ ਰਿਲੇ ਸਰਵਿਸਿਸ ਰਾਹੀਂ ਸੰਪਰਕ ਕਰੋ ਜਾਂ http://www.arb.ca.gov/html/ada/ada.htm ਤੇ ਜਾਓ।

ਜੇਕਰ ਤੁਸੀ ਸੀਮਿਤ ਅੰਗ੍ਰੇਜ਼ੀ ਬੋਲਣ ਵਾਲੇ ਬੰਦੇ ਹੋ ਅਤੇ ਬੋਰਡ ਦੀ ਬੈਠਕ ਵਿੱਚ ਦੁਭਾਸ਼ਿਏ ਦੀ ਸੇਵਾਵਾਂ ਉਪਲਬੱਧ ਕਰਾਉਣ ਲਈ ਬੇਨਤੀ ਕਰਨਾ ਚਾਹੁੰਦੇ ਹੋ ਤੇ ਕਿਰਪਾ ਕਰਕੇ ਏਆਰਬੀ ਦੇ ਦੁਭਾਸ਼ੀ ਪ੍ਰਬੰਧਕ ਨਾਲ 916-323-7053 ਤੇ ਸੰਪਰਕ ਕਰੋ।

## ਪ੍ਰਸਤਾਵਤ ਕਾਰਵਾਈ ਅਤੇ ਨੀਤੀ ਬਿਆਨ ਵੇਰਵਾ ਦਾ ਉਪਯੋਗੀ ਸਾਰਾਂਸ਼

**ਪ੍ਰਭਾਵਤ ਖੰਡ**: ਕੈਲੀਫੋਰਨਿਆ ਕੋਡ ਆੱਫ ਰੇਗੁਲੇਸ਼ਨਸ (ਸੀਸੀਆਰ) ਦੀ ਪ੍ਰਸਤਾਵਤ ਧਾਰਣਾ, ਸਿਰਲੇਖ 17, ਨਵੇਂ ਖੰਡ 95300, 95301, 95302, 95303, 95304, 95305, 95306, 95307, 95308, 95309, 95310, 95311 ਅਤੇ 95312.

### ਪਿਛੋਕੜ

ਵਰ੍ਹੇ 2006 ਵਿੱਚ ਕਨੂੰਨ ਪਾਸ ਹੋਇਆ ਅਤੇ ਰਾਜਪਾਲ ਸਕਵਾਰਜ਼ੇਨੇਗਰ (Schwarzenegger) ਨੇ 2006 ਦੇ ਕੈਲੀਫੋਰਨਿਆ ਗਲੋਬਲ ਵਾਰਮਿੰਗ ਸੋਲਿਉਸ਼ਨਸ ਐਕਟ (ਏਬੀ 32; ਸਟੈਟ. 2006, ਚੈਪਟਰ 488) ਉੱਤੇ ਦਸਤਖ਼ਤ ਕੀਤੇ। ਏਬੀ 32 ਵਿੱਚ ਸਰਕਾਰ ਨੇ ਘੋਸ਼ਣਾ ਕੀਤੀ ਕਿ ਗਲੋਬਲ ਵਾਰਮਿੰਗ ਆਰਥਕ ਭਲਾਈ, ਜਨਤੱਕ ਸੇਹਤ, ਕੁਦਰਤੀ ਸੰਸਾਧਨਾਂ ਅਤੇ ਕੈਲੀਫੋਰਨਿਆ ਦੇ ਵਾਤਾਵਰਣ ਲਈ ਗੰਭੀਰ ਜੋਖਿਮ ਪੈਦਾ ਕਰ ਰਹੀ ਹੈ। ਸਰਕਾਰ ਨੇ ਅੱਗੇ ਘੋਸ਼ਣਾ ਕੀਤੀ ਕਿ ਗਲੋਬਲ ਵਾਰਮਿੰਗ ਦਾ ਕੋਲੀਫੋਰਨਿਆ ਦੇ ਕੁਝ ਸਭ ਤੋਂ ਵੱਡੇ ਉਦਯੋਗਾਂ ਜਿਹਨਾਂ ਵਿੱਚ ਖੇਤੀ ਅਤੇ ਟੂਰਿਜ਼ਮ ਸ਼ਾਮਲ ਹੈ, ਉੱਤੇ ਨੁਕਸਾਨ ਕਰਨ ਵਾਲਾ ਪ੍ਰਭਾਵ ਪਵੇਗਾ ਅਤੇ ਇਸ ਨਾਲ ਬਿਜਲੀ ਦੀ ਸਪਲਾਈ ਉੱਤੇ ਵੱਧ ਜੋਰ ਪਵੇਗਾ। ਕਿਉਂਕਿ ਗਲੋਬਲ ਵਾਰਮਿੰਗ ਦੇ ਮਾਮਲੇ ਨੂੰ ਪੂਰੀ ਤਰ੍ਹਾਂ ਸੰਬੋਧਤ ਕਰਨ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਰਵਾਈਆਂ ਜਰੂਰੀ ਹਨ, ਸਰਕਾਰ ਨੇ ਮੰਨਿਆ ਕਿ ਗ੍ਰੀਨਹਾਉਸ ਗੈਸਾਂ ਦੇ ਐਮੀਸ਼ਨ ਨੂੰ ਘੱਟਾਉਣ ਲਈ ਕੈਲੀਫੋਰਨਿਆ ਵਲੋਂ ਚੁੱਕੇ ਗਏ ਕਦਮਾਂ ਦਾ ਦੂਜੇ ਰਾਜਏ, ਸੰਘੀ ਸਰਕਾਰ ਅਤੇ ਦੂਜੇ ਦੇਸ਼ਾ ਨੂੰ ਇਸ ਐਕਟ ਲਈ ਪ੍ਰੇਰਿਤ ਕਰਕੇ ਬਹੁਤ ਵੱਧ ਪ੍ਰਭਾਉ ਪਵੇਗਾ।

ਏਬੀ32 ਨੇ ਐਮੀਸ਼ਨ ਨੂੰ ਵਰ੍ਹੇ 2020 ਤੱਕ 1990 ਦੇ ਪੱਧਰਾਂ ਤੱਕ ਵਾਪਿਸ ਪਹੁੰਚਾਉਣ ਦੇ ਸੰਪੂਰਨ ਉਦੇਸ਼ ਦੇ ਨਾਲ ਕੈਲੀਫੋਰਨਿਆ ਵਿੱਚ ਜੀਐਚਜੀ ਐਮੀਸ਼ਨ ਨੂੰ ਘੱਟਾਉਣ ਲਈ ਇੱਕ ਵਿਆਪੱਕ, ਬਹੁ-ਵਰ੍ਹਾ ਪ੍ਰੋਗਰਾਮ ਤਿਆਰ ਕੀਤਾ। ਏਬੀ 32 ਲਈ ਏਆਰਬੀ ਨੂੰ ਬਹੁਤੇਰੀ ਚੀਜ਼ਾਂ ਕਰਨ ਦੀ ਲੋੜ ਹੈ, ਜਿਹਨਾਂ ਵਿੱਚ ਇਹ ਸ਼ਾਮਲ ਹਨ:

- 1990 ਦੇ ਐਮੀਸ਼ਨ ਦੇ ਆਧਾਰ ਤੇ ਵਰ੍ਹੇ 2020 ਲਈ ਰਾਜਏ-ਵਾਰ ਜੀਐਚਜੀ ਐਮੀਸ਼ਨ ਕੈਪ ਸਥਾਪਤ ਕਰਨੀ;

- 1 ਜਨਵਰੀ 2009 ਤੱਕ ਇੱਕ ਵਿਸਤਰਤ ਯੋਜਨਾ ਧਾਰਣ ਕਰਨੀ, ਜਿਸ ਵਿੱਚ ਇਹ ਦਰਸ਼ਾਇਆ ਜਾਵੇਗਾ ਕਿ ਵਿਨਿਯਮਾਂ, ਬਜ਼ਾਰ ਸਾਧਨਾਂ ਅਤੇ ਦੂਜੇ ਕਦਮਾਂ ਰਾਹੀਂ ਜੀਐਚਜੀ ਦੇ ਮਹੱਤਵਪੂਰਨ ਸ੍ਰੋਤਾਂ ਤੋਂ ਐਮੀਸ਼ਨ ਵਿੱਚ ਕਮੀ ਕਿਵੇਂ ਕੀਤੀ ਜਾਵੇਗੀ;

- 30 ਜੂਨ 2007 ਤੱਕ, ਵੱਖ, ਸ਼ੁਰੂਆਤੀ ਕਾਰਵਾਈ ਜੀਐਚਜੀ ਐਮੀਸ਼ਨ ਵਿੱਚ ਕਮੀ ਕਰਨ ਦੇ ਸਾਧਨਾਂ ਦੀ ਸੂਚੀ ਧਾਰਣ ਕਰਨਾ ਜੋ 1 ਜਨਵਰੀ 2010 ਤੋਂ ਪਹਿਲਾਂ ਲਾਗੂ ਕੀਤੀ ਅਤੇ ਅਮਲ ਵਿੱਚ ਲੈ ਆਈ ਜਾ ਸਕੇ; ਅਤੇ

- 1 ਜਨਵਰੀ 2010 ਤੱਕ, ਵੱਖ ਸ਼ੁਰੂਆਤੀ ਕਾਰਵਾਈ ਸਾਧਨਾਂ ਦੀ ਸੂਚੀ ਉੱਤੇ ਪਛਾਣੇ ਗਏ ਸਾਧਨ ਲਾਗੂ ਕਰਨ ਲਈ ਵਿਨਿਯਮ ਧਾਰਣ ਕਰਨਾ।

ਵਰ੍ਹੇ 2007 ਵਿੱਚ, ਬੋਰਡ ਨੇ ਨੌ ਵੱਖ ਸ਼ੁਰੂਆਤੀ ਕਾਰਵਾਈ ਸਾਧਨਾਂ ਦੀ ਸੂਚੀ ਨੂੰ ਮੰਜੂਰੀ ਦਿੱਤੀ ਸੀ। ਸੂਚੀ ਵਿੱਚ ਇੱਕ ਸਾਧਨ ਸ਼ਾਮਲ ਹੈ ਜਿਸਦਾ ਸਿਰਲੇਖ ਹੈ: "ਸਮਾਰਤਵੇ ਟ੍ਰਕ ਐਫੀਸ਼ਿਏਂਸੀ"। ਪ੍ਰਸਤਾਵਤ ਵਿਨਿਯਮ ਇਸ ਸਾਧਨ ਨੂੰ ਲਾਗੂ ਕਰਨ ਲਈ ਤਿਆਰ ਕੀਤਾ ਗਿਆ ਹੈ।

## ਪ੍ਰਸਤਾਵਤ ਵਿਨਿਆਮਕ ਕਾਰਵਾਈ ਦਾ ਵੇਰਵਾ

ਪ੍ਰਸਤਾਵਤ ਵਿਨਿਯਮ, ਕੁਝ ਨਵੇਂ ਅਤੇ ਮੌਜੂਦਾ ਰੋੜ ਉੱਤੇ ਚੱਲਣ ਵਾਲੇ ਟ੍ਰੈਕਟਰਾਂ ਅਤੇ ਕੈਲੀਫੋਰਨਿਆ ਦੇ ਰਾਜਮਾਰਗਾਂ ਉੱਤੇ ਪਰਿਚਾਲਤ ਟ੍ਰੇਲਰਾਂ ਵਿੱਚ ਅਜਿਹੀ ਤਕਨੀਕਾਂ ਲੱਗਾਕੇ ਜੀਐਚਜੀ ਐਮੀਸ਼ਨ ਘੱਟਾਵੇਗਾ, ਜਿਸਦੇ ਨਤੀਜੇ ਵਜੋਂ ਤੇਲ ਖਪਤ ਵਿੱਚ ਸੁਧਾਰ ਆਵੇਗਾ ਅਤੇ ਇਸ ਤਰ੍ਹਾਂ ਜੀਐਚਜੀ ਐਮੀਸ਼ਨ ਘੱਟੇਗਾ। ਪ੍ਰਸਤਾਵਤ ਵਿਨਿਯਮ ਇੱਕ ਸੰਘੀ ਸਵੈ-ਇੱਛਕ ਪ੍ਰੋਗਰਾਮ ਦਾ ਸੰਦਰਭ ਦਿੰਦਾ ਹੈ ਜਿਸਨੂੰ ਅਮਰੀਕਾ ਵਾਤਾਵਰਣੀ ਸੁਰੱਖਿਆ ਏਜੰਸੀ (ਯੂ.ਐਸ. ਈਪੀਏ) ਸਮਾਰਟਵੇ ਭਾਗੀਦਾਰੀ ਪ੍ਰੋਗਰਾਮ ਆਖਦੇ ਹਨ, ਜਿਸਨੂੰ ਅਮਰੀਕਾ ਵਿੱਚ ਭੂਮੀ ਮਾਲ ਡਿਲੀਵਰੀ ਪ੍ਰਣਾਲੀ ਦੇ ਨਾਲ ਸੰਬੰਧਤ ਵਾਤਾਵਰਣੀ ਨਿਸ਼ਪਾਦਨ ਨੂੰ ਸੁਧਾਰਣ ਲਈ ਡਿਜ਼ਾਈਨ ਕੀਤਾ ਗਿਆ ਹੈ। ਵਿਸ਼ੇਸ਼ ਤੌਰ ਤੇ, ਸਮਾਰਟਵੇ ਪ੍ਰੋਗਰਾਮ ਏਯਰੋਡਾਇਨੈਮਿਕ ਉਪਕਰਣ ਅਤੇ ਘੱਟ-ਰੋਲਿੰਗ ਰਸਿਸਟੇਂਸ ਟਾਯਰ ਜਿਹੀ ਤਕਨੀਕਾਂ ਨੂੰ ਮੰਜ਼ੂਰੀ ਦਿੰਦਾ ਹੈ ਅਤੇ ਉਹਨਾਂ ਟ੍ਰੈਕਟਰਾਂ ਅਤੇ ਟ੍ਰੇਲਰਾਂ ਨੂੰ ਪ੍ਰਮਾਣਤ ਕਰਦਾ ਹੈ ਜਿਸ ਵਿੱਚ ਇਹ ਤਕਨੀਕਾਂ ਲੱਗੀ ਹੁੰਦੀਆਂ ਹਨ। ਪ੍ਰਸਤਾਵਤ ਵਿਨਿਯਮ

ਜ਼ਰੂਰੀ ਟ੍ਰੈਕਟਰ ਅਤੇ ਟ੍ਰੇਲਰ ਲੋੜਾਂ ਸਥਾਪਤ ਕਰਨ ਲਈ ਸਮਾਰਟਵੇ ਪ੍ਰੋਗਰਾਮ ਉੱਤੇ ਨਿਰਭਰ ਹੈ। ਵੱਧ ਵਿਸ਼ੇਸ਼ ਤੌਰ ਤੇ, ਪ੍ਰਸਤਾਵਤ ਵਿਨਿਯਮ ਲਈ ਸਮਾਰਟਵੇ ਵਲੋਂ ਪ੍ਰਮਾਣਤ ਟ੍ਰੈਕਟਰਾਂ ਅਤੇ ਟ੍ਰੇਲਰਾਂ, ਸਮਾਰਟਵੇ ਵਲੋਂ ਪ੍ਰਮਾਣਤ ਏਯਰੋਡਾਇਨੈਮਿਕ ਤਕਨੀਕਾਂ ਅਤੇ ਘੱਟ-ਰੋਲਿੰਗ ਰਸਿਸਟੇਂਸ ਟਾਯਰ ਦੀ ਵਰਤੋਂ ਕਰਨ ਦੀ ਲੋੜ ਹੈ। ਏਯਰੋਡਾਇਨੈਮਿਕ ਤਕਨੀਕਾਂ ਦੀ ਮਿਸਾਲਾਂ ਵਿੱਚ ਸਲੀਪਰ-ਕੈਬ ਟ੍ਰੈਕਟਰਾਂ ਵਿੱਚ ਸੰਘਟਿਤ ਛੱਤ ਫੇਯਰਿੰਗ; ਅਤੇ ਸਾਈਡ ਸਕਰਟਸ, ਗੈਪ ਫੇਯਰਿੰਗਸ ਅਤੇ ਬਾੱਕਸ-ਪ੍ਰਕਾਰ ਟ੍ਰੇਲਰਾਂ ਉੱਤੇ ਪਿਛਲੇ ਟ੍ਰੇਲਰ ਫੇਯਰਿੰਗ ਸ਼ਾਮਲ ਹਨ।

ਪ੍ਰਸਤਾਵਤ ਵਿਨਿਯਮ ਨਾਲ ਪੂਰੇ ਕੈਲੀਫੋਰਨਿਆ ਵਿੱਚ ਜੀਐਚਜੀ ਅਤੇ ਨਾਈਟ੍ਰੋਜ਼ਨ ਆੱਕਸਾਈਡ (ਐਨਓਐਕਸ) ਐਮੀਸ਼ਨ ਵਿੱਚ ਕਮੀ ਆਵੇਗੀ। ਟ੍ਰੈਕਟਰ ਅਤੇ ਟ੍ਰੇਲਰ ਜੋ ਏਯਰੋਡਾਇਨੈਮਿਕ ਉਪਕਰਣ ਅਤੇ ਘੱਟ-ਰੋਲਿੰਗ ਰਸਿਸਟੇਂਸ ਟਾਯਰ ਦੀ ਉਚੱਤ ਵਰਤੋਂ ਨਾਲ ਪ੍ਰਸਤਾਵਤ ਵਿਨਿਯਮ ਦੀ ਪਾਲਣਾ ਕਰਦੇ ਹਨ, ਤੋਂ ਤੇਲ ਖਪਤ ਵਿੱਚ 7 ਤੋਂ 10 ਪ੍ਰਤੀਸ਼ਤ ਤੱਕ ਸੁਧਾਰ ਕਰਨ ਦੀ ਅਪੇਖਿਆ ਕੀਤੀ ਜਾਂਦੀ ਹੈ। ਸਟਾਫ ਦਾ ਅੰਦਾਜ਼ਾ ਹੈ ਕਿ ਤੇਲ ਖਪਤ ਵਿੱਚ ਇਸ ਸੁਧਾਰ ਦੇ ਨਤੀਜੇ ਵਜੋਂ ਵਰ੍ਹੇ 2020 ਵਿੱਚ ਟੇਪਲਾਈਪ ਜੀਐਚਜੀ ਐਮੀਸ਼ਨ ਵਿੱਚ ਰਾਜਏ-ਵਾਰ ਲੱਗਭਗ 1 ਮਿਲਿਯਨ ਮਿਟ੍ਰਿਕ ਟਨ $CO_2$-ਇੱਕਵੇਲੇਂਟ (MMT $CO_2e$) ਅਤੇ ਰਾਸ਼ਟਰ-ਵਾਰ ਲੱਗਭਗ 6.7 MMT $CO_2e$ ਤੱਕ ਕਮੀ ਹੋਵੇਗੀ। ਸਟਾਫ ਦਾ ਅੰਦਾਜ਼ਾ ਹੈ ਕਿ ਨਵੇਂ ਤੇਲ ਦੀ ਉਚੱਤ ਖਪਤ ਕਰਨ ਵਾਲੇ ਟ੍ਰੈਕਟਰ ਅਤੇ ਟ੍ਰੇਲਰ ਸ਼ੁਰੂ ਹੋਣ ਅਤੇ ਵਰਤੋਂ ਵਿੱਚਲੇ ਟ੍ਰੈਕਟਰਾਂ ਅਤੇ ਟ੍ਰੇਲਰਾਂ ਵਿੱਚ ਉਚੱਤ ਤੇਲ ਖਪਤ ਵਾਲੀ ਤਕਨੀਕਾਂ ਫਿਟ ਕਰਨ ਦੇ ਕਾਰਨ, ਵਰ੍ਹੇਂ 2010 ਤੋਂ 2020 ਤੱਕ ਕੈਲੀਫੋਰਨਿਆ ਵਿੱਚ ਵੱਧ ਰਹੀ ਜੀਐਚਜੀ ਕਮੀ, ਰਾਜਏ-ਵਾਰ ਲੱਗਭਗ 7.8 MMT $CO_2e$ ਅਤੇ ਰਾਸ਼ਟਰ-ਵਾਰ ਲੱਗਭਗ 52.1 MMT $CO_2e$ ਦੇ ਵੱਧ ਰਹੇ ਜੋੜ ਤੱਕ ਘੱਟੇਗੀ। ਸਟਾਫ ਦਾ ਇਹ ਵੀ ਅੰਦਾਜਾ ਹੈ ਕਿ ਕੈਲੀਫੋਰਨਿਆ ਵਿੱਚ ਵਰ੍ਹੇ 2014 ਅਤੇ 2020 ਵਿੱਚ ਕ੍ਰਮ ਨਾਲ 4.3 ਅਤੇ 1.4 ਟਨ ਪ੍ਰਤੀ ਦਿਨ ਦੀ NOx ਕਮੀ ਹੋਵੇਗੀ। ਇਹ ਕਮੀਆਂ ਵਿਸ਼ੇਸ਼ ਪਦਾਰਥਾਂ ਅਤੇ ਓਜ਼ੋਨ ਲਈ ਰਾਸ਼ਟਰੀ ਅਤੇ ਰਾਜਏ ਆਲੇ-ਦੁਆਲੇ ਦੇ ਹਵਾ ਗੁਣਵੱਤਾ ਮਾਨਕਾਂ ਦੀ ਪ੍ਰਾਪਤੀ ਵੱਲ ਪ੍ਰਗਤੀ ਕਰਨ ਵਿੱਚ ਮਦਦ ਕਰਾਂਗੀਆਂ।

ਪ੍ਰਸਤਾਵਤ ਵਿਨਿਯਮ ਲੰਮੇ-ਖਿਚੋਲੇ ਯੰਤਰ ਵਾਲੇ ਟ੍ਰੈਕਟਰਾਂ ਉੱਤੇ ਧਿਆਨ ਕੇਂਦਰਤ ਕਰਦਾ ਹੈ ਕਿਉਂਕਿ ਲੋੜੀਂਦੀ ਤਕਨੀਕਾਂ ਰਾਜਮਾਰਗ ਰਫਤਾਰਾਂ ਤੇ ਵੱਧ ਪ੍ਰਭਾਵੀ ਸੁਧਾਰ ਪੇਸ਼ ਕਰਦੀਆਂ ਹਨ। ਇਸ ਕਰਕੇ, ਪ੍ਰਸਤਾਵਤ ਵਿਨਿਯਮ ਨਵੇਂ ਅਤੇ ਮੌਜੂਦਾ 53-ਫੁੱਟ ਜਾਂ ਲੰਮੇ ਬਾੱਕਸ-ਪ੍ਰਕਾਰ ਦੇ ਟ੍ਰੇਲਰ ਅਤੇ ਟ੍ਰੈਕਟਰ ਜੋ ਉਹਨਾਂ ਨੂੰ ਖਿੱਚਦੇ ਹਨ, ਲਈ ਲੋੜਾਂ ਸਥਾਪਤ ਕਰੇਗਾ। ਪ੍ਰਸਤਾਵਤ ਵਿਨਿਯਮ ਕੈਲੀਫੋਰਨਿਆ ਵਿੱਚ ਰਜਿਸਟਰਡ ਅਤੇ ਰਾਜਏ ਤੋਂ ਬਾਹਰ ਰਜਿਸਟਰਡ ਦੋਹੇ ਟ੍ਰੈਕਟਰਾਂ ਅਤੇ ਟ੍ਰੇਲਰਾਂ ਉੱਤੇ ਲਾਗੂ ਹੋਵੇਗੀ। ਪ੍ਰਸਤਾਵਤ ਵਿਨਿਯਮ ਦੇ ਉਦੇਸ਼ਾਂ ਲਈ, ਬਾੱਕਸ-ਪ੍ਰਕਾਰ ਦਾ ਟ੍ਰੇਲਰ ਇੱਕ ਡ੍ਰਾਈ-ਵੈਨ ਟ੍ਰੇਲਰ ਜਾਂ ਇੱਕ ਰੇਫਰੀਜਰੇਟਿਡ-ਵੈਨ ਟ੍ਰੇਲਰ ਹੈ। ਕੀਤੇ ਗਏ ਪ੍ਰਸਤਾਵ ਦੇ ਮੁਤਾਬਕ, ਇਹ ਵਿਨਿਯਮ ਦੂਜੇ ਪ੍ਰਕਾਰ ਦੇ ਟ੍ਰੇਲਰਾਂ (ਮਿਸਾਲ ਵਜੋਂ 53 ਫੁੱਟ ਤੋਂ ਘੱਟ ਲੰਮਾਈ ਵਾਲੇ ਬਾੱਕਸ-ਆਕਾਰ ਦੇ ਟ੍ਰੇਲਰ ਜਾਂ ਫਲੈਟਬੈਡ ਟ੍ਰੇਲਰਾਂ, ਲਾੱਗਿੰਗ ਟ੍ਰੇਲਰ, ਡ੍ਰਾੱਪ ਫ੍ਰੇਮ ਟ੍ਰੇਲਰ, ਕਰਟੇਨ ਸਾਈਡ ਟ੍ਰੇਲਰ ਜਾਂ ਚੇਸਿਸ ਟ੍ਰੇਲਰ ਹਾਲਿੰਗ ਸ਼ਿਪਿੰਗ ਕੰਟੇਨਰ ਨੂੰ ਖਿੱਚਣ ਵਾਲੇ ਟ੍ਰੈਕਟਰ) ਨੂੰ ਖਿੱਚਣ ਵਾਲੇ ਟ੍ਰੈਕਟਰਾਂ ਉੱਤੇ ਲਾਗੂ ਨਹੀਂ ਹੋਵੇਗਾ। ਅਧਿਕ੍ਰਿਤ ਆਪਾਤਕਾਲ ਗੱਡੀਆਂ ਅਤੇ ਮਿਲੀਟਰੀ

ਵਿਓਂਤ ਸੰਬੰਧੀ ਸਹਾਯਤਾ ਗੱਡੀਆਂ ਅਤੇ ਨਾਲ ਹੀ ਨਾਲ ਛੋਟੇ ਖਿਚੋਲੇ ਯੰਤਰ ਅਤੇ ਡ੍ਰੇਏਜ਼ ਟ੍ਰੈਕਟਰ ਜਿਹਨਾਂ ਨੂੰ ਏਆਰਬੀ ਵਲੋਂ ਐਕਸਪ੍ਰੈਸ ਛੂਟ ਮੁਹਈਆ ਕਰਾਈ ਗਈ ਹੈ, ਨੂੰ ਵੀ ਪ੍ਰਸਤਾਵਤ ਵਿਨਿਯਮ ਅਧੀਨ ਲੋੜਾਂ ਤੋਂ ਛੂਟ ਮਿਲੇਗੀ।

ਪ੍ਰਸਤਾਵਤ ਵਿਨਿਯਮ ਵਿੱਚ ਹੇਠ ਲਿੱਖੇ ਪਾਲਣਾ ਨਿਰਧਾਰਣ ਸ਼ਾਮਲ ਹਨ:

- ਮਿਤੀ 1 ਜਨਵਰੀ 2010 ਤੋਂ ਸ਼ੁਰੂ, 2011 ਮਾੱਡਲ ਵਰ੍ਹੇ ਜਾਂ ਅਗਲੇ ਮਾੱਡਲ ਵਰ੍ਹੇ ਦੇ ਸਲੀਪਰ ਬਰਥ ਵਾਲੇ ਟ੍ਰੈਕਟਰ ਜੋ ਕੈਲੀਫੋਰਨਿਆ ਰਾਜਮਾਰਗ ਉੱਤੇ 53-ਫੁੱਟ ਜਾਂ ਲੰਮੇ ਬਾੱਕਸ-ਆਕਾਰ ਵਾਲੇ ਟ੍ਰੇਲਰ ਨੂੰ ਖਿੱਚਦਾ ਹੈ, ਦਾ ਯੂ.ਐਸ ਈਪੀਏ ਪ੍ਰਮਾਣਤ ਸਮਾਰਟਵੇ ਟ੍ਰੈਕਟਰ ਹੋਣਾ ਜਰੂਰੀ ਹੋਵੇਗਾ। ਸਮਾਰਟਵੇ ਮੌਜੂਦਾ ਸਮੇਂ ਵਿੱਚ ਡੇਕੈਬ ਟ੍ਰੈਕਟਰ (ਬਿਨਾ ਸਲੀਪਰ ਬਰਥ ਵਾਲਾ) ਨੂੰ ਪ੍ਰਮਾਣਤ ਨਹੀਂ ਕਰ ਰਿਹਾ, ਇਸ ਕਰਕੇ ਡੇਕੈਬ ਟ੍ਰੈਕਰਾਂ ਨੂੰ ਸਮਾਰਟਵੇ ਪ੍ਰਮਾਣਤ ਹੋਣ ਦੀ ਲੋੜ ਨਹੀਂ ਹੋਵੇਗੀ। ਯੂ.ਐਸ ਈਪੀਏ ਸਮਾਰਟਵੇ ਵਿਸ਼ੇਸ਼ਤਾਵਾਂ ਪੂਰੀ ਕਰਨ ਵਾਲੇ ਘੱਟ-ਰੋਲਿੰਗ ਰਸਿਸਟੈਂਸ ਟਾਯਰਾਂ ਦੀ ਮਿਤੀ 1 ਜਨਵਰੀ 2010 ਤੋਂ ਸਾਰੇ ਪ੍ਰਭਾਵਤ 2011 ਅਤੇ ਅਗਲੇ ਮਾੱਡਲ ਵਰ੍ਹੇ ਦੇ ਟ੍ਰੈਕਟਰਾਂ ਲਈ ਲੋੜ ਹੋਵੇਗੀ, ਭਾਵੇਂ ਉਹਨਾਂ ਵਿੱਚ ਸਲੀਪਰ ਬਰਥ ਹੋਵੇ ਜਾਂ ਨਾ ਹੋਵੇ।

- ਮਿਤੀ 1 ਜਨਵਰੀ 2012 ਤੋਂ ਸ਼ੁਰੂ, ਸਲੀਪਰ ਬਰਥ ਵਾਲਾ ਜਾਂ ਤੋਂ ਬਿਨਾ ਵਾਲੇ ਕਿਸੇ ਵੀ ਟ੍ਰੈਕਟਰ ਜੋ ਕੈਲੀਫੋਰਨਿਆ ਰਾਜਮਾਰਗ ਉੱਤੇ 53-ਫੁੱਟ ਜਾਂ ਲੰਮੇ ਬਾੱਕਸ-ਆਕਾਰ ਵਾਲੇ ਟ੍ਰੇਲਰ ਨੂੰ ਖਿੱਚਦਾ ਹੈ, ਵਿੱਚ ਸਮਾਰਟਵੇ ਵਲੋਂ ਮੰਜ਼ੂਰ ਘੱਟ-ਰੋਲਿੰਗ ਰਸਿਸਟੈਂਸ ਟਾਯਰ ਲੱਗੇ ਹੋਣੇ ਚਾਹੀਦੇ ਹਨ। ਇਹ 2010 ਮਾੱਡਲ ਵਰ੍ਹੇ ਅਤੇ ਪਹਿਲਾਂ ਦੇ ਟ੍ਰੈਕਟਰਾਂ ਲਈ ਇੱਕਲੀ ਰੇਟ੍ਰੋਫਿਟ ਲੋੜ ਹੋਵੇਗੀ ਅਤੇ ਇਹ ਜ਼ਿਆਦਾਤਰ 2010 ਜਾਂ ਪਹਿਲਾਂ ਦੇ ਮਾੱਡਲ ਵਰ੍ਹੇ ਦੇ ਟ੍ਰੈਕਟਰਾਂ ਨੂੰ ਘੱਟ-ਰੋਲਿੰਗ ਰਸਿਸਟੈਂਸ ਟਾਯਰ ਲੈਣ ਤੋਂ ਪਹਿਲਾਂ ਆਪਣੇ ਮੌਜੂਦਾ ਟਾਯਰਾਂ ਨੂੰ ਉਹਨਾਂ ਦੀ ਬਾਕੀ ਉਪਯੋਗੀ ਲਾਈਫ ਤੱਕ ਵਰਤਣ ਦੀ ਇਜ਼ਾਜ਼ਤ ਦੇਵੇਗਾ।

- ਮਿਤੀ 1 ਜਨਵਰੀ 2010 ਤੋਂ ਸ਼ੁਰੂ, 2011 ਮਾੱਡਲ ਵਰ੍ਹੇ ਅਤੇ ਅਗਲੇ ਮਾੱਡਲ ਵਰ੍ਹੇ ਦਾ 53-ਫੁੱਟ ਜਾਂ ਲੰਮਾ ਬਾੱਕਸ ਆਕਾਰ ਟ੍ਰੇਲਰ, ਜਿਸ ਵਿੱਚ ਰੇਫਰੀਜਰੇਟਿਡ ਟ੍ਰੇਲਰ ਸ਼ਾਮਲ ਹੈ, ਜੋ ਕਾਲੀਫੋਰਨਿਆ ਰਾਜਮਾਰਗ ਉੱਤੇ ਕਿਸੇ ਟ੍ਰੈਕਟਰ ਵਲੋਂ ਖਿੱਚਿਆ ਜਾਂਦਾ ਹੈ, ਨੂੰ ਜਾਂ ਤੇ ਯੂ.ਐਸ ਈਪੀਏ ਪ੍ਰਮਾਣਤ ਸਮਾਰਟਵੇ ਟ੍ਰੇਲਰ ਹੋਣਾ ਚਾਹੀਦਾ ਹੈ ਜਾਂ ਫਿਰ ਉਸ ਵਿੱਚ ਪ੍ਰਸਤਾਵਤ ਵਿਨਿਯਮ ਵਿੱਚ ਦੱਸੀਆਂ ਗਈਆਂ ਸਮਾਰਟਵੇ ਵਲੋਂ ਮੰਜ਼ੂਰ ਤਕਨੀਕਾਂ ਲੱਗੀਆਂ ਹੋਣੀ ਚਾਹੀਦੀਆਂ ਹਨ। ਮੌਜੂਦਾ ਸਮੇਂ ਵਿੱਚ ਸਿਰਫ ਡ੍ਰਾਈ-ਵੈਨ ਟ੍ਰੇਲਰ ਯੂ.ਐਸ. ਈਪੀਏ ਸਮਾਰਟਵੇ ਪ੍ਰਮਾਣਤ ਹਨ। ਯੂ.ਐਸ. ਈਪੀਏ ਨੇ ਰੇਫਰੀਜ਼ਰੇਟਿਡ ਟ੍ਰੇਲਰਾਂ ਲਈ ਵਿਸ਼ੇਸ਼ਤਾਵਾਂ ਵਿਕਸਤ ਨਹੀਂ ਕੀਤੀਆਂ ਹਨ, ਹਾਲਾਂਕਿ ਉਹ ਭਵਿੱਖ ਵਿੱਚ ਇਹ ਕਰ ਸਕਦੇ ਹਨ। ਇਸ ਕਰਕੇ, ਮੌਜੂਦਾ ਸਮੇਂ ਵਿੱਚ, ਨਵੇਂ 2011 ਮਾੱਡਲ ਵਰ੍ਹੇ ਦੇ ਰੇਫਰੀਜ਼ਰੇਟਿਡ ਟ੍ਰੇਲਰਾਂ ਵਿੱਚ ਵਿਨਿਯਮ ਵਿੱਚ ਦੱਸੇ ਗਏ ਮੁਤਾਬਕ ਸਮਾਰਟਵੇ ਵਲੋਂ ਮੰਜ਼ੂਰ ਤੱਤ ਫਿਟ ਹੋਣੇ ਜਰੂਰੀ ਹੋਵਾਂਗੇ।

- ਮਿਤੀ 1 ਜਨਵਰੀ 2013 ਤੋਂ ਸ਼ੁਰੂ, 2010 ਮਾੱਢਲ ਵਰ੍ਹੇ ਅਤੇ ਪਹਿਲਾਂ ਦੇ ਮਾੱਢਲ ਵਰ੍ਹੇ ਦੇ 53-ਫੁੱਟ ਜਾਂ ਲੰਮੇ ਬਾੱਕਸ-ਆਕਾਰ ਦੇ ਟ੍ਰੇਲਰਾਂ ਵਿੱਚ ਇਸ ਵਿਨਿਯਮ ਵਿੱਚ ਦੱਸੀ ਗਈਆਂ ਸਮਾਰਟਵੇ ਵਲੋਂ ਮੰਜ਼ੂਰ ਤਕਨੀਕਾਂ

ਲੱਗੀ ਹੋਣੀ ਜ਼ਰੂਰੀ ਹਨ। ਬੈਠਕ ਦੀ ਬਜਾਏ, ਮਿਤੀ 1 ਜਨਵਰੀ 2013, ਪਾਲਣਾ ਮਿਤੀ ਨੂੰ ਟ੍ਰੇਲਰ ਮਾਲਕ ਇੱਕ ਵੈਕਲਪੱਕ ਟ੍ਰੇਲਰ ਫਲੀਟ ਪਾਲਣਾ ਸੂਚੀ ਦੀ ਪਾਲਣਾ ਕਰਨਾ ਚੁਣ ਸਕਦੇ ਹਨ।

ਇੱਥੇ ਦੋ ਪ੍ਰਸਤਾਵਤ ਵੈਕਲਪੱਕ ਟ੍ਰੇਲਰ ਫਲੀਟ ਪਾਲਣਾ ਸੂਚੀਆਂ ਹਨ ਜੋ ਟ੍ਰੇਲਰ ਫਲੀਟ ਦੇ ਨਾਪ ਉੱਤੇ ਆਧਾਰਤ ਹੋਵਾਂਗੀਆਂ। ਇਹ ਫਲੀਟਾਂ ਨੂੰ ਸਾਰੇ ਟ੍ਰੇਲਰਾਂ ਨੂੰ ਪ੍ਰਸਤਾਵਤ ਵਿਨਿਯਮ ਮੁਤਾਬਕ ਫਿਟ ਕਰਨ ਲਈ ਵਰ੍ਹੇ 2015 ਜਾਂ 2016 ਤੱਕ ਦੇ ਸਮੇਂ ਦੀ ਇਜਾਜ਼ਤ ਦਿਆਂਗੇ। ਡੀਜ਼ਲ ਨਾਲ ਚੱਲਣ ਵਾਲੀ ਪਰਿਵਹਨ ਰੇਫਰੀਜ਼ਰੇਸ਼ਨ ਈਕਾਈਆਂ ਦੇ ਨਾਲ ਰੇਫਰੀਜ਼ਰੇਟਿਡ-ਵੈਨ ਟ੍ਰੇਲਰ ਲਈ ਇੱਕ ਵੱਖ ਵੈਕਲਪੱਕ ਸੂਚੀ ਦਾ ਪ੍ਰਸਤਾਵ ਕੀਤਾ ਗਿਆ ਹੈ; ਇਹ ਸੂਚੀ ਪਾਲਣਾ ਲਈ ਹੋਰ ਵਰ੍ਹੇ ਮੁਹਈਆ ਕਰਾਉਂਦੀ ਹੈ ਕਿਉਂਕਿ ਇਹਨਾਂ ਗੱਡੀਆਂ ਦੇ ਮਾਲਕ ਦੂਜੇ ਏਆਰਬੀ ਵਿਨਿਯਮ, ਵਰਤੋਂ ਵਿੱਚਲੇ ਡੀਜ਼ਲ ਨਾਲ ਚੱਲਣ ਵਾਲੇ ਪਰੀਵਹਨ ਰੇਫਰੀਜ਼ਰੇਸ਼ਨ ਈਕਾਈਆਂ (ਟੀਆਰਯੂ) ਅਤੇ ਟੀਆਰਯੂ ਜਨਰੇਟਰ ਸੈਟ ਅਤੇ ਉਹ ਸੁਵੀਧਾਵਾਂ ਜਿੱਥੇ ਟੀਆਰਯੂ ਸੰਚਾਲਤ ਕੀਤੀਆਂ ਜਾਂਦੀਆਂ ਹਨ, ਲਈ ਏਅਰਬੋਰਨ ਟਾੱਕਸਿਕ ਨਿਯੰਤਰਣ ਸਾਧਨ ਮੁਤਾਬਕ ਚਲਾਂਗੇ।

ਪ੍ਰਸਤਾਵਤ ਵਿਨਿਯਮ 53-ਫੁੱਟ ਜਾਂ ਲੰਮੇ ਬਾੱਕਸ-ਆਕਾਰ ਵਾਲੇ ਟ੍ਰੇਲਰਾਂ ਨੂੰ ਖਿੱਚਣ ਵਾਲੇ ਟ੍ਰੈਕਟਰਾਂ ਦੇ ਮਾਲਕਾਂ ਅਤੇ 53-ਫੁੱਟ ਜਾਂ ਲੰਮੇ ਬਾੱਕਸ-ਆਕਾਰ ਵਾਲੇ ਟ੍ਰੇਲਰਾਂ ਦੇ ਮਾਲਕਾਂ, 53-ਫੁੱਟ ਜਾਂ ਲੰਮੇ ਬਾੱਕਸ-ਆਕਾਰ ਵਾਲੇ ਟ੍ਰੇਲਰਾਂ, ਮੋਟਰ ਕੈਰਿਯਰਾਂ ਨੂੰ ਖਿੱਚਣ ਵਾਲੇ ਟ੍ਰੈਕਟਰਾਂ ਦੇ ਡ੍ਰਾਈਵਰਾਂ ਅਤੇ ਕੈਲੀਫੋਰਨਿਆ ਆਧਾਰਤ ਸ਼ਿਪਰਸ ਜੋ 53-ਫੁੱਟ ਜਾਂ ਲੰਮੇ ਬਾੱਕਸ-ਆਕਾਰ ਵਾਲੇ ਟ੍ਰੇਲਰਾਂ ਵਿੱਚ ਮਾਲ ਸ਼ਿਪ ਕਰਦੇ ਹਨ, ਉੱਤੇ ਲਾਗੂ ਹੋਵੇਗਾ।

## ਤੁਲਨਾ ਯੋਗ ਸੰਘੀ ਵਿਨਿਯਮ

ਮੋਟਰ ਗੱਡੀਆਂ ਤੋਂ ਜੀਐਚਜੀ ਐਮੀਸ਼ਨ ਨੂੰ ਕਾਬੂ ਕਰਨ ਲਈ ਕੋਈ ਵੀ ਤੁਲਨਾ ਯੋਗ ਸੰਘੀ ਵਿਨਿਯਮ ਨਹੀਂ ਹਨ। ਉੱਤੇ ਦੱਸੇ ਗਏ ਮੁਤਾਬਕ, ਪ੍ਰਸਤਾਵਤ ਵਿਨਿਅਮ ਸਵੈ-ਇੱਛਕ ਸੰਘੀ ਪ੍ਰੋਗਰਾਮ, ਯੂ.ਐਸ. ਈਪੀਏ ਸਮਾਰਟਵੇ ਭਾਗੀਦਾਰੀ ਪ੍ਰੋਗਰਾਮ ਉੱਤੇ ਆਧਾਰਤ ਹੈ।

## ਦਸਤਾਵੇਜ਼ਾਂ ਅਤੇ ਏਜੰਸੀ ਸੰਪਰਕ ਬੰਦਿਆਂ ਦੀ ਉਪਲਬੱਧਤਾ

ਏਆਰਬੀ ਸਟਾਫ ਨੇ ਇੱਕ ਸਟਾਫ ਰਿਪੋਰਟ ਤਿਆਰ ਕੀਤੀ ਹੈ: ਪ੍ਰਸਤਾਵਤ ਵਿਨਿਆਮਕ ਕਾਰਵਾਈ ਲਈ ਕਾਰਣਾਂ ਦਾ ਸ਼ੁਰੂਆਤੀ ਵੇਰਵਾ (ਆਈਐਸਓਆਰ), ਜਿਸ ਵਿੱਚ ਪ੍ਰਸਤਾਵਤ ਵਿਨਿਆਮਕ ਦੇ ਆਰਥਕ ਅਤੇ ਵਾਤਾਵਰਣੀ ਪ੍ਰਭਾਅ ਦਾ ਸਾਰ ਸ਼ਾਮਲ ਹੈ। ਸਟਾਫ ਰਿਪੋਰਟ ਦਾ ਸਿਰਲੇਖ ਹੈ: ਸਟਾਫ ਰਿਪੋਰਟ: ਭਾਰੀ ਗੱਡੀਆਂ ਤੋਂ ਗ੍ਰੀਨਹਾਉਸ ਗੈਸ ਐਮੀਸ਼ਨ ਨੂੰ ਘੱਟਾਉਣ ਲਈ ਵਿਨਿਯਮ ਦੀ ਧਾਰਣਾ ਉੱਤੇ ਵਿਚਾਰ ਕਰਨ ਲਈ ਪ੍ਰਸਤਾਵਤ ਰੂਲਮੇਕਿੰਗ, ਜਨਤੱਕ ਸੁਣਵਾਈ ਦਾ ਕਾਰਣਾ ਦਾ ਸ਼ੁਰੂਆਤੀ ਵੇਰਵਾ।

ਪ੍ਰਸਤਾਵਤ ਨਵੀਂ ਵਿਨਿਆਮਕ ਭਾਸ਼ਾ ਦੇ ਪੂਰਨ ਪਾਠ ਦੇ ਨਾਲ ਆਈਐਸਓਆਰ ਦੀ ਪ੍ਰਤੀਆਂ ਏਆਰਬੀ ਦੀ ਹੇਠਾਂ ਦਿੱਤੀ ਗਈ ਵੈਬਸਾਈਟ ਉੱਤੇ ਐਕਸੇਸ ਕੀਤੀਆਂ ਜਾ ਸਕਦੀਆਂ ਹਨ ਜਾਂ ਜਨਤੱਕ ਜਾਣਕਾਰੀ ਦਫਤਰ, ਏਅਰ ਰਿਸੋਰਸਿਸ ਬੋਰਡ, 1001 I ਸਟ੍ਰੀਟ ਐਂਡ ਐਨਵਾਯਰਨਮੇਂਟਲ ਸਰਵਿਸਿਸ ਸੇਂਟਰ, ਪਹਿਲੀ ਮੰਜ਼ਲ, ਸੈਕਰਾਮੇਂਟੋ, ਕੈਲੀਫੋਰਨਿਆ, 95814, (916) 322-2990 ਤੋਂ ਮਿਤੀ 11 ਦਿਸੰਬਰ 2008 ਨੂੰ ਨਿਰਧਾਰਤ ਸੁਣਵਾਈ ਤੋਂ ਘੱਟ ਤੋਂ ਘੱਟ 45 ਦਿਨ ਪਹਿਲਾਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਸਦੀ ਪੂਰਨਤਾ ਉੱਤੇ, ਕਾਰਣਾਂ ਦਾ ਅਖੀਰਵਾ ਵੇਰਵਾ (ਐਫਐਸਓਆਰ) ਉਪਲਬੱਧ ਹੋਵੇਗਾ ਅਤੇ ਇਸਦੀ ਪ੍ਰਤੀਆਂ ਲਈ ਇਸ ਨੋਟਿਸ ਵਿੱਚ ਏਜੰਸੀ ਸੰਪਰਕ ਬੰਦੇ ਨੂੰ ਬੇਨਤੀ ਕੀਤੀ ਜਾ ਸਕਦੀ ਹੈ ਜਾਂ ਹੇਠਾਂ ਦੱਸੀ ਗਈ ਏਆਰਬੀ ਦੀ ਵੈਬਸਾਈਟ ਉੱਤੇ ਐਕਸੇਸ ਕੀਤੀ ਜਾ ਸਕਦੀ ਹੈ।

ਪ੍ਰਸਤਾਵਤ ਵਿਨਿਯਮ ਦੀ ਵਾਸਤਵਿਕਤਾ ਤੋਂ ਸੰਬੰਧਤ ਪ੍ਰਸ਼ਨ ਨਿਰਦਿਸ਼ਟ ਏਜੰਸੀ ਸੰਪਰਕ ਬੰਦਿਆਂ, ਡੈਨਿਯਲ ਹਾਵੇਲਟੀ (Daniel Hawelti), ਏਅਰ ਰਿਸੋਰਸਿਸ ਇੰਜੀਨੀਯਰ, ਆੱਨ-ਰੋੜ ਹੈਵੀ-ਡਿਉਟੀ ਡੀਜ਼ਲ ਸੈਕਸ਼ਨ ਨੂੰ (626) 450-6149 ਤੇ ਜਾਂ ਈਮੇਲ ਰਾਹੀਂ dhawelti@arb.ca.gov ਤੇ ਜਾਂ ਐਲੇਕਸ ਸਾਂਤੋਸ (Alex Santos), ਸਟਾਫ ਹਵਾ ਪ੍ਰਦੂਸ਼ਣ ਵਿਸ਼ੇਸ਼ਗ, ਆੱਨ-ਰੋੜ ਹੈਵੀ-ਡਿਉਟੀ ਡੀਜ਼ਲ ਸੈਕਸ਼ਨ ਨੂੰ (626) 575-6682 ਜਾਂ ਈਮੇਲ ਰਹੀਂ asantos@arb.ca.gov ਤੇ ਭੇਜੇ ਜਾ ਸਕਦੇ ਹਨ।

ਹੋਰ, ਏਜੰਸੀ ਪ੍ਰਤੀਨਿੱਧ ਅਤੇ ਨਿਰਦਿਸ਼ਟ ਬੈਕ-ਅੱਪ ਸੰਪਰਕ ਬੰਦੇ, ਜਿਹਨਾਂ ਨੂੰ ਪ੍ਰਸਤਾਵਤ ਪ੍ਰਬੰਧਕੀ ਕਾਰਵਾਈ ਸੰਬੰਧਤ ਗੈਰ-ਪਦਾਰਥਕ ਪ੍ਰਸ਼ਨ ਭੇਜੇ ਜਾ ਸਕਦੇ ਹਨ, ਲੋਰੀ ਐਂਡ੍ਰਿਓਨੀ (Lori Andreoni), ਪ੍ਰਬੰਧਕ, ਬੋਰਡ ਪ੍ਰਬੰਧ ਅਤੇ ਵਿਨਿਆਮਕ ਕੋ-ਆੱਰਡੀਨੇਸ਼ਨ ਈਕਾਈ, (916) 322-4011 ਜਾਂ ਐਮੀ ਵਾਈਟਿੰਗ (Amy Whiting), ਵਿਨਿਅਮ ਕੋ-ਆੱਰਡੀਨੇਟਰ, (916) 322-6533 ਹਨ। ਬੋਰਡ ਨੇ ਇਸ ਰੂਲ ਮੇਕਿੰਗ ਕਾਰਵਾਈ ਲਈ ਇੱਕ ਰਿਕਾੱਰਡ ਸੰਕਲਿਤ ਕੀਤਾ ਹੈ, ਜਿਸ ਵਿੱਚ ਉਹ ਸਾਰੀ ਜਾਣਕਾਰੀ ਸ਼ਾਮਲ ਹੁੰਦੀ ਹੈ ਜਿਸ ਉੱਤੇ ਇਹ ਪ੍ਰਸਤਾਵ ਆਧਾਰਤ ਹੈ। ਇਹ ਸਮਗਰੀ ਸੰਪਰਕ ਬੰਦਿਆਂ ਨੂੰ ਬੇਨਤੀ ਉੱਤੇ ਜਾਂਚ ਲਈ ਉਪਲਬੱਧ ਹੈ।

ਇਹ ਨੋਟਿਸ, ਆਈਐਸਓਆਰ ਅਤੇ ਸਾਰੇ ਅੱਗੇ ਦੇ ਵਿਨਿਆਮਕ ਦਸਤਾਵੇਜ਼ ਜਿਸ ਵਿੱਚ ਐਫਐਸਓਆਰ ਸ਼ਾਮਲ ਹਨ. ਪੂਰੇ ਹੋ ਜਾਣ ਤੇ ਇਸ ਰੂਲਮੇਕਿੰਗ ਲਈ www.arb.ca.gov/regact/2008/ghghdv08/ghghdv08.htm ਤੇ ਏਆਰਬੀ ਵੈਬਸਾਈਟ ਉੱਤੇ ਉਪਲਬੱਧ ਹਨ।

## ਜਨਤੱਕ ਏਜੰਸੀਆਂ ਅਤੇ ਪ੍ਰਭਾਵਤ ਵਿਵਸਾਇਆਂ ਅਤੇ ਬੰਦਿਆਂ ਲਈ ਲਾਗਤ

ਬੋਰਡ ਕਾਰਜਕਾਰੀ ਅਧਿਕਾਰੀ ਦਾ ਲਾਗਤਾਂ ਜਾਂ ਬੱਚਤਾਂ ਤੋਂ ਸੰਬੰਧਤ ਉਦੇਸ਼ ਜਰੂਰੀ ਰੂਪ ਤੋਂ ਜਨਤੱਕ ਏਜੰਸੀਆਂ ਅਤੇ ਨਿਜੀ ਲੋਕਾਂ ਅਤੇ ਵਿਵਸਾਇਆਂ ਵਲੋਂ ਹੇਠਾਂ ਪੇਸ਼ ਕੀਤੇ ਗਏ ਪ੍ਰਸਤਾਵਤ ਵਿਨਿਯਮਾਂ ਦੀ ਉਚੱਤ ਪਾਲਣਾ ਵਿੱਚ ਪੂਰਾ ਹੋਣਾ ਚਾਹੀਦਾ ਹੈ।

ਸਰਕਾਰੀ ਕੋਡ ਧਾਰਾ 11346.5(ਏ)(5) ਅਤੇ 11346.5(ਏ)(6) ਦੀ ਪਾਲਣਾ ਵਿੱਚ, ਕਾਰਜਕਾਰੀ ਅਧਿਕਾਰੀ ਨੇ ਨਿਰਧਾਰਣ ਕੀਤਾ ਹੈ ਕਿ ਪ੍ਰਸਤਾਵਤ ਵਿਨਿਆਮਕ ਕਾਰਵਾਈ ਨਾਲ ਇਹ ਨਹੀਂ ਹੋਵੇਗਾ: ਰਾਜੇ ਨੂੰ ਸੰਘੀ ਫੰਡਿੰਗ ਵਿੱਚ ਲਾਗਤਾਂ ਜਾਂ ਬੱਚਤਾਂ; ਜਾਂ ਕਿਸੇ ਸਥਾਨੱਕ ਏਜੰਸੀ ਜਾਂ ਸਕੂਲ ਜਿਲਾ ਨੂੰ ਲਾਗਤਾਂ ਜਾਂ ਆਦੇਸ਼ ਭਾਵੇਂ ਸਰਕਾਰੀ ਕੋਡ, ਸਿਰਲੇਖ 2, ਡਿਵੀਜ਼ਨ 4, ਭਾਗ 7 (ਧਾਰਾ 17500 ਦੇ ਨਾਲ ਸ਼ੁਰੂ) ਦੀ ਪਾਲਣਾ ਵਿੱਚ ਰਾਜਏ ਵਲੋਂ ਵਾਪਸੀ ਯੋਗ ਹੋਵੇ ਜਾਂ ਨਾ ਹੋਵੇ; ਜਾਂ ਰਾਜਏ ਜਾਂ ਸਥਾਨੱਕ ਏਜੰਸੀਆਂ ਨੂੰ ਗੈਰ-ਵਿਵੇਕਾਧੀਨ ਲਾਗਤ ਜਾਂ ਬੱਚਤਾਂ। ਕਾਰਜਕਾਰੀ ਅਧਿਕਾਰੀ ਨੇ ਨਿਰਧਾਰਣ ਕੀਤਾ ਹੈ ਕਿ ਪ੍ਰਸਤਾਵਤ ਵਿਨਿਆਮਕ ਕਾਰਵਾਈ ਦੀ ਰਾਜਏ ਏਜੰਸੀ ਨੂੰ ਵਿਨਿਯਮ ਲਾਗੂ ਕਰਨ ਅਤੇ ਕੈਲੀਫੋਰਨਿਆ ਰਾਜਮਾਰਗ ਪੈਟ੍ਰੋਲ ਅਤੇ ਲਾਗੂ ਕਰਨ ਲਈ ਹਵਾ ਗੁਣਵੱਤਾ ਪ੍ਰਬੰਧਨ ਜਿਲਿਆਂ ਅਤੇ ਹਵਾ ਪ੍ਰਦੂਸ਼ਣ ਨਿਯੰਤਰਣ ਜਿਲਿਆਂ (ਜਿਲੇ) ਦੇ ਨਾਲ ਅਨੁਬੰਧ ਕਰਨ ਲਈ ਏਆਰਬੀ ਨੂੰ ਲਾਗਤਾਂ ਦੇ ਰੂਪ ਵਿੱਚ ਲਾਗਤਾਂ ਪਵਾਂਗੀਆਂ। ਦੂਜੇ ਰਾਜਏ ਦੀ ਏਜੰਸੀਆਂ ਨੂੰ ਪ੍ਰਭਾਵਤ ਕਰਨ ਵਾਲੀ ਕਿਸੇ ਲਾਗਤ ਜਾਂ ਬੱਚਤ ਦੀ ਪਛਾਣ ਨਹੀਂ ਕੀਤੀ ਗਈ ਸੀ।

ਸਟਾਫ ਦਾ ਅੰਦਾਜ਼ਾ ਹੈ ਕਿ ਵਿਨਿਅਮ ਲਾਗੂ ਕਰਨ ਲਈ ਏਆਰਬੀ ਨੂੰ ਪੈਣ ਵਾਲੀ ਕੁਲ ਲਾਗਤ, ਲਾਗੂ ਕਰਨ ਲਈ ਜਿਲਿਆਂ ਅਤੇ ਸੀਐਚਪੀ ਨੂੰ ਦਿੱਤੀ ਜਾਣ ਵਾਲੀ ਅਨੁਬੰਧ ਲਾਗਤਾਂ ਸਮੇਤ, ਵਰ੍ਹੇ 2010 ਤੋਂ 2020 ਤੱਕ ਦੀ ਮਿਆਦ ਲਈ ਲੱਗਭਗ 68 ਮਿਲਿਯਨ ਡਾੱਲਰ (2008 ਡਾੱਲਰ) ਹੋਵੇਗਾ। ਸਾਲਾਨਾ ਲਾਗਤਾਂ ਦਾ ਲੱਗਭਗ 3.5 ਮਿਲਿਯਨ ਡਾੱਲਰ ਪ੍ਰਤੀ ਵਰ੍ਹੇ ਹੋਣ ਦੀ ਅਪੇਖਿਆ ਕੀਤੀ ਜਾਂਦੀ ਹੈ।

ਇਹ ਵਿਨਿਆਮੱਕ ਪ੍ਰਸਤਾਵ ਵਿਕਸਤ ਕਰਨ ਵਿੱਚ, ਏਆਰਬੀ ਸਟਾਫ ਨੇ ਪ੍ਰਤੀਨਿਧ ਨਿਜੀ ਬੰਦਿਆਂ ਜਾਂ ਵਿਵਸਾਇਆਂ ਉੱਤੇ ਸੰਭਾਵਤ ਆਰਥਕ ਪ੍ਰਭਾਵਾਂ ਦਾ ਆਕਲਨ ਕੀਤਾ। ਬੋਰਡ ਕਾਰਜਕਾਰੀ ਅਧਿਕਾਰੀ ਦਾ ਲਾਗਤਾਂ ਜਾਂ ਬੱਚਤਾਂ ਤੋਂ ਸੰਬੰਧਤ ਉਦੇਸ਼ ਜਰੂਰੀ ਰੂਪ ਤੋਂ ਨਿਜੀ ਲੋਕਾਂ ਅਤੇ ਵਿਵਸਾਇਆਂ ਵਲੋਂ ਹੇਠਾਂ ਪੇਸ਼ ਕੀਤੇ ਗਏ ਪ੍ਰਸਤਾਵਤ ਵਿਨਿਯਮਾਂ ਦੀ ਉਚੱਤ ਪਾਲਣਾ ਵਿੱਚ ਪੂਰਾ ਹੋਣਾ ਚਾਹੀਦਾ ਹੈ।

ਆਮਤੌਰ ਤੇ, ਟ੍ਰੈਕਟਰਾਂ ਅਤੇ 53-ਫੁੱਟ ਜਾਂ ਲੰਮੇ ਬਾੱਕਸ ਪ੍ਰਕਾਰ ਦੇ ਟ੍ਰੇਲਰਾਂ ਦੇ ਮਾਲਕ ਪ੍ਰਸਤਾਵਤ ਵਿਨਿਯਮ ਦੇ ਮੁਤਾਬਕ ਏਯਰੋਡਾਇਨੈਮਿਕ ਤਕਨੀਕਾਂ ਅਤੇ ਘੱਟ-ਰੋਲਿੰਗ ਰਸਿਸਟੈਂਸ ਟਾਯਰਾਂ ਦੀ ਸ਼ੁਰੂਆਤੀ ਖਰੀਦ ਅਤੇ ਇੰਸਟਾਲੇਸ਼ਨ ਦੇ ਨਾਲ ਸੰਬੰਧਤ ਮੁੱਖ ਲਾਗਤਾਂ ਦਾ ਭੁੱਗਤਾਨ ਕਰਾਂਗੇ। ਸਟਾਫ ਦਾ ਅੰਦਾਜ਼ਾ ਹੈ ਕਿ ਸਮਾਰਟਵੇ ਟ੍ਰੈਕਟਰ-ਟ੍ਰੇਲਰ ਦੇ ਜੋੜੇ ਦਾ ਲਾਗਤ ਲੱਗਬਗ 5000 ਡਾੱਲਰ ਹੈ। ਹਾਲਾਂਕਿ, ਉਦਯੋਗਿਕ ਔਸਤ ਟ੍ਰੇਲਰ-ਤੋਂ-ਟ੍ਰੈਕਟਰ ਅਨੁਪਾਤ ਦਾ 2.5 ਤੋਂ 1 ਪ੍ਰਤੀ ਮਾਲਕ ਹੋਣ ਦਾ ਅੰਦਾਜ਼ਾ ਹੈ। ਇਸ ਨਾਲ ਔਸਤ ਲਾਗਤ 9200 ਡਾੱਲਰ ਪ੍ਰਤੀ ਮਾਲਕ ਬਣਦੀ ਹੈ। ਇਹਨਾਂ ਲੋੜਾਂ ਦੀ ਛੇਤੀ ਪਾਲਣਾ ਲਈ ਵਿੱਤੀ ਮਦਦ ਲਈ ਇੱਕ ਰਾਜਏ ਗਾਰੰਟੀ ਕਰਜ਼ਾ ਪ੍ਰੋਗਰਾਮ ਉਪਲਬੱਧ ਹੋਵੇਗਾ।

ਸਹੀ ਟ੍ਰੈਕਟਰ ਅਤੇ ਟ੍ਰੇਲਰ ਪਰਿਚਾਲਨ ਦੇ ਨਾਲ ਸੰਬੰਧਤ ਤੇਲ ਖਪਤ ਵਿੱਚ ਸੁਧਾਰ ਦੇ ਨਤੀਜੇ ਵਜੋਂ ਪਰਿਚਾਲਨ ਲਾਗਤ ਵਿੱਚ ਹੋਣ ਵਾਲੀ ਬੱਚਤ ਮਹੱਤਵਪੂਰਨ ਹੋਵੇਗੀ। ਮਿਸਾਲ ਵਜੋਂ, ਵਰ੍ਹੇ 2010 ਵਿੱਚ, ਮੰਨ ਲਵੋ ਕਿ ਜ਼ਿਆਦਾਤਰ ਸਹੀ ਟ੍ਰੈਕਟਰ ਅਤੇ ਟ੍ਰੇਲਰ ਵਿੱਚ ਰਾਜਮਾਰਗ ਉੱਤੇ ਰਫਤਾਰ ਨਾਲ ਪਰਿਚਾਲਤ ਕਰਦੇ ਹੋਏ 8 ਪ੍ਰਤੀਸ਼ਤ ਤੇਲ ਆਰਥਕਤਾ ਦਾ ਲਾਹਾ ਹੁੰਦਾ ਹੈ ਅਤੇ ਕਿ ਡੀਜ਼ਲ ਤੇਲ ਦਾ ਮੁੱਲ 3.14 ਡਾੱਲਰ ਪ੍ਰਤੀ ਗੈਲਨ ਹੁੰਦਾ ਹੈ, ਟ੍ਰੈਕਟਰ ਅਤੇ

ਟ੍ਰੇਲਰ ਦੇ ਜੋੜੇ ਲਈ ਸ਼ੁੱਧ ਬਚੱਤਾਂ ਲੱਗਬਘ 4200 ਡਾੱਲਲ ਪ੍ਰਤੀ ਵਰ੍ਹੇ ਹੋਵੇਗੀ। ਤੇਲ ਵਿੱਚ ਬੱਚਤ 1.5 ਵਰ੍ਹੇ ਵਿੱਚ ਸਮਾਰਟਵੇ ਉਪਕਰਣ ਦੀ ਸ਼ੁਰੂਆਤੀ ਲਾਗਤ ਪੂਰੀ ਕਰ ਦੇਵੇਗੀ। ਸਹੀ ਟ੍ਰੈਕਟਰਾਂ ਅਤੇ ਟ੍ਰੇਲਰਾਂ ਦੇ ਫਲੀਚ ਪਰਿਚਾਲਕਾਂ ਅਤੇ ਮਾਲਕ ਪਰਿਚਾਲਕਾਂ ਵਲੋਂ ਮਹਿਸੂਸ ਕੀਤੀ ਗਈ ਇਹ ਸ਼ੁੱਧ ਬੱਚਤ ਪਰਤੱਖ ਰੂਪ ਤੋਂ ਤੇਲ ਆਰਥਕਤਾ ਵਿੱਚ ਸੁਧਾਰ ਦੇ ਨਾਲ ਸੰਬੰਧਤ ਪਰਿਚਾਲਨ ਲਾਗਤ ਬੱਚਤਾਂ ਦਾ ਗੁਣ ਹੈ। ਸੰਪੂਰਨ ਤੌਰ ਤੇ, ਇਸ ਪ੍ਰਸਤਾਵਤ ਵਿਨਿਯਮ ਦੇ ਲਾਹੇ ਲਾਗਤ ਤੋਂ ਲੱਗਬਗ ਦੋਗੁਣੇ ਹਨ।

ਕਾਰਜਕਾਰੀ ਅਧਿਕਾਰੀ ਨੇ ਇੱਕ ਸ਼ੁਰੂਆਤੀ ਇਰਾਦਾ ਕੀਤਾ ਸੀ ਕਿ ਪ੍ਰਸਤਾਵਤ ਵਿਨਿਆਮਕ ਕਾਰਵਾਈ ਦਾ ਵਿਵਸਾਇਆਂ ਨੂੰ ਪਰਤੱਖ ਤੌਰ ਤੇ ਪ੍ਰਭਾਵਤ ਕਰਨ ਵਾਲਾ ਮਹੱਤਵਪੂਰਨ ਰਾਜਏ-ਵਾਰ ਪ੍ਰਤੀਕੂਲ ਆਰਥਕ ਪ੍ਰਭਾਅ ਨਹੀਂ ਹੋਵੇਗਾ, ਜਿਸ ਵਿੱਚ ਦੂਜੇ ਰਾਜਏ ਵਿੱਚਲੇ ਵਿਵਸਾਇਆਂ ਜਾਂ ਪ੍ਰਤੀਨਿੱਧ ਨਿਜੀ ਬੰਦਿਆਂ ਉੱਤੇ ਦੇ ਨਾਲ ਪ੍ਰਤੀਸਪਰਧਾ ਕਰਨ ਲਈ ਕੈਲੀਫੋਰਨਿਆ ਵਿਵਸਾਇਆਂ ਦੀ ਯੋਗਤਾ ਸ਼ਾਮਲ ਹੈ। ਉੱਤੇ ਦੱਸੇ ਗਏ ਮੁਤਾਬਕ, ਪ੍ਰਸਤਾਵਿਤ ਵਿਵਸਾਇਆਂ ਵਲੋਂ ਪ੍ਰਭਾਵਤ ਵਿਅਕਤੀਗਤ ਵਿਵਸਾਏ ਏਅਰੋਡਾਇਨੈਮਿਕ ਤਕਨੀਕਾਂ ਅਤੇ ਘੱਟ-ਰੋਲਿੰਗ ਰਸਿਸਟੈਂਸ ਟਾਯਰਾਂ ਦੀ ਪ੍ਰਾਪਤੀ ਦੇ ਨਾਲ ਸੰਬੰਧਤ ਉਪਰਲੀ ਲਾਗਤਾਂ ਦੇ ਕਾਰਨ ਸ਼ੁਰੂਆਤੀ ਪ੍ਰਤੀਕੂਲ ਪ੍ਰਭਾਅ ਦਾ ਸਾਹਮਣਾ ਕਰ ਸਕਦੇ ਹਨ। ਇਹਨਾਂ ਸ਼ੁਰੂਆਤੀ ਲਾਗਤਾਂ ਤੋਂ ਘੱਟੀ ਤੇਲ ਵਰਤੋਂ ਤੋਂ ਬਚੱਤਾਂ ਰਾਹੀਂ ਘੱਟੇ ਜਾਣ ਦੀ ਅਪੇਖਿਆ ਕੀਤੀ ਜਾਂਦੀ ਹੈ ਅਤੇ ਪ੍ਰਸਤਾਵਤ ਵਿਨਿਯਮ ਤੋਂ ਇਹ ਅਪੇਖਿਆ ਕੀਤੀ ਜਾਂਦੀ ਹੈ ਕਿ ਉਸਦਾ ਨਤੀਜਾ ਉਹਨਾਂ ਵਿਵਸਾਇਆਂ ਲਈ ਮਹੱਤਵਪੂਰਨ ਸ਼ੁੱਧ ਬੱਚਤਾਂ ਹੋਵਾਂਗਾ ਜੋ ਸਮਾਰਟਵੇ ਉਪਕਰਣਾਂ ਅਤੇ ਟਾਯਰਾਂ ਦੇ ਨਾਲ ਟ੍ਰੈਕਟਰ ਸੰਚਾਲਤ ਕਰਦੇ ਹਨ ਅਤੇ ਜੋ ਇਹਨਾਂ ਨਾਲ ਲੱਗੇ ਟ੍ਰੇਲਰਾਂ ਨੂੰ ਵੀ ਖਿੱਚਦੇ ਹਨ। ਉਹ ਵਿਵਸਾਏ ਜਿਹਨਾਂ ਵਿੱਚ ਏਅਰੋਡਾਇਨੈਮਿਕ ਤਕਨੀਕ ਅਤੇ ਘੱਟ-ਰੋਲਿੰਗ ਰਸਿਸਟੈਂਸ ਟਾਯਰ ਹੋਣੇ ਚਾਹੀਦੇ ਹਨ, ਪਰ ਜਿਹਨਾਂ ਕੋਲ ਟ੍ਰੈਕਟਰ ਨਹੀਂ ਹਨ ਜਾਂ ਸੰਚਾਲਤ ਨਹੀਂ ਕਰਗੇ - ਜਿਹਨਾਂ ਵਿੱਚ ਟ੍ਰੇਲਰ ਫਲੀਟ ਅਤੇ ਨਿਸ਼ਚਤ ਸ਼ਿਪਰਾਂ ਦੇ ਮਾਲਕ ਸ਼ਾਮਲ ਹਨ - ਪਰਤੱਖ ਤੌਰ ਤੋਂ ਸ਼ੁਰੂਆਤੀ ਲਾਗਤਾਂ ਨਹੀਂ ਘੱਟਾ ਸਕਦੇ ਜੇਕਰ ਉਹ ਤੇਲ ਲਾਗਤਾਂ ਲਈ ਪਰਤੱਖ ਤੌਰ ਤੇ ਭੁੱਗਤਾਨ ਨਹੀਂ ਕਰਦੇ। ਪਰ ਏਆਰਬੀ ਸਟਾਫ ਦਾ ਪੂਰਵ ਅਨੁਮਾਨ ਹੈ ਕਿ ਘੱਟ ਤੋਂ ਘੱਟ ਸਮਾਰਟਵੇ ਉਪਕਰਣਾਂ ਅਤੇ ਟਾਯਰਾਂ ਵਾਲੇ ਟ੍ਰੇਲਰਾਂ ਤੋਂ ਹੋਣ ਵਾਲੀ ਕੁਝ ਤੇਲ ਬੱਚਤ ਗੈਰ-ਪਰਤੱਖ ਰੂਪ ਤੋਂ ਮੁੱਲ ਢਾਂਚਿਆਂ ਰਾਹੀਂ ਟ੍ਰੇਲਰ ਮਾਲਕਾਂ ਨਾਲ ਸਾਂਝੀ ਕੀਤੀ ਜਾਵੇ ਜੋ ਇਹਨਾਂ ਟ੍ਰੇਲਰਾਂ ਦੇ ਨਾਲ ਸੰਬੰਧਤ ਤੇਲ ਬੱਚਤ ਪ੍ਰਤੀਬਿੰਬਿਤ ਕਰਦੇ ਹਨ।

ਸਰਕਾਰੀ ਕੋਡ ਧਾਰਾ 11346.3 ਦੀ ਪਾਲਣਾ ਵਿੱਚ, ਕਾਰਜਕਾਰੀ ਅਧਿਕਾਰੀ ਨੇ ਨਿਰਧਾਰਣ ਕੀਤਾ ਹੈ ਕਿ ਪ੍ਰਸਤਾਵਤ ਵਿਨਿਆਮਕ ਕਾਰਵਾਈ ਦਾ ਕੈਲੀਫੋਰਨਿਆ ਰਾਜਏ ਵਿੱਚਕਾਰ ਨੌਕਰੀਆਂ ਪੈਦਾ ਹੋਣ ਜਾਂ ਸਮਾਪਤ ਹੋਣ, ਕੈਲੀਫੋਰਨਿਆ ਰਾਜਏ ਵਿੱਚਕਾਰ ਨਵੇਂ ਵਿਵਸਾਏ ਸ਼ੁਰੂ ਹੋਣ ਅਤੇ ਮੌਜੂਦਾ ਵਿਵਸਾਇਆਂ ਦੀ ਸਮਾਪਤੀ ਜਾਂ ਮੌਜੂਦਾ ਸਮੇਂ ਵਿੱਚ ਕੈਲੀਫੋਰਨਿਆ ਰਾਜਏ ਵਿੱਚਕਾਰ ਵਿਵਸਾਏ ਕਰਨ ਵਾਲੇ ਵਿਵਸਾਇਆਂ ਦੇ ਵਿਸਤਾਰ ਉੱਤੇ ਪ੍ਰਭਾਵ ਪਾਵੇਗਾ।

ਵੱਡੇ ਫਲੀਟਾਂ ਜਿੱਥੇ ਟ੍ਰੇਲਰ ਤੋਂ ਟ੍ਰੈਕਟਰ ਅਨੁਪਾਤ ਉੱਚ ਹੈ, ਉੱਤੇ ਇਸ ਵਿਨਿਯਮ ਵਲੋਂ ਲੱਗਾਈ ਗਈ ਸੰਭਾਵਤ ਤੌਰ ਤੇ ਵੱਡੀ ਸ਼ੁਰੂਆਤੀ ਪੂੰਜੀ ਲਾਗਤ ਦੇ ਕਾਰਨ ਪ੍ਰਭਾਵਤ ਫਲੀਟਾਂ ਵਾਲੇ ਕੁਝ ਵਿਵਸਾਏ ਕੁਝ ਵਰ੍ਹਿਆਂ ਲਈ ਜਰੂਰੀ ਉਪਕਰਣ ਵਿੱਚ ਨਿਵੇਸ਼ ਉੱਤੇ ਪੂਰਨ ਰਿਟਰਨ ਦਾ ਅਨੁਭਵ ਨਹੀਂ ਕਰਾਂਗੇ। ਇਹ ਵੀ ਸੰਭਵ ਹੈ ਕਿ ਕੁਝ ਵਪਾਰ ਸੰਚਤ ਹੋਣ (ਜਾਂ

ਜੁੜਨ), ਮਾਲਕ ਬਦਲਣ, ਗੱਡੀਆਂ ਕਿਰਾਏ ਤੇ ਲੈਣ (ਆਪਣੀ ਲੈਣ ਦੇ ਬਜਾਏ) ਜਾਂ ਇਸ ਵਿਨਿਯਮ ਦੇ ਕਾਰਣ ਥਾਂ ਬਦਲਣਾ ਚੁਣਾਂਗੇ। ਇਸ ਗੱਲ਼ ਦੀ ਵੀ ਬਹੁਤ ਵੱਧ ਸੰਭਵਨਾ ਹੈ ਕਿ ਹੋਰ ਵਿਵਸਾਏ ਸ਼ੁਰੂ ਕੀਤੇ ਜਾਵਾਂਗੇ ਜਾਂ ਮੌਜੂਦਾ ਵਿਵਸਾਇਆਂ ਨੂੰ ਇਸ ਵਿਨਿਯਮ ਦੇ ਨਤੀਜੇ ਵਜੋਂ ਏਅਰੋਡਾਇਨੈਮਿਕ ਤਕਨੀਕਾਂ ਅਤੇ ਘੱਟ-ਰੋਲਿੰਗ ਰਸਿਸਟੈਂਸ ਟਾਯਰਾਂ ਦੇ ਨਿਰਮਾਣ, ਵਿਤਰਣ, ਇੰਸਟਾਲੇਸ਼ਨ ਅਤੇ ਰੱਖਰੱਖਾਵ ਵਿੱਚ ਮਦਦ ਕਰਨ ਲਈ ਵਿਸਤਰਤ ਹੋਣ। ਪ੍ਰਸਤਾਵਤ ਵਿਨਿਆਮਕ ਕਾਰਵਾਈ ਦੇ ਆਰਥਕ ਪ੍ਰਭਾਅ ਦੇ ਵੇਰਵੇ-ਵਾਰ ਨਿਰਧਾਰਣ ਆਈਐਸਓਆਰ ਵਿੱਚ ਪਾਏ ਜਾ ਸਕਦੇ ਹਨ।

ਕਾਰਜਕਾਰੀ ਅਧਿਕਾਰੀ ਨੇ ਸੀਸੀਆਰ(CCR), ਸਿਰਲੇਖ 1, ਧਾਰਾ 4 ਦੀ ਪਾਲਣਾ ਵਿੱਚ ਇਹ ਇਰਾਦਾ ਵੀ ਕੀਤਾ ਸੀ ਕਿ ਪ੍ਰਸਤਾਵਤ ਵਿਨਿਆਮਕ ਕਾਰਵਾਈ ਛੋਟੇ ਵਿਵਸਾਇਆਂ ਨੂੰ ਪ੍ਰਭਾਵਤ ਕਰੇਗੀ। ਸਟਾਫ ਮੰਨਦਾ ਹੈ ਕਿ ਛੋਟੇ ਵਿਵਸਾਏ ਦੇ ਮਾਲਕ ਕੋਲ ਕੋਈ ਟ੍ਰੇਲਰ ਨਹੀਂ ਹੈ ਪਰ ਸਹੀ ਟ੍ਰੇਲਰ ਖਿੱਚਣ ਲਈ ਕੰਪਨੀਆਂ ਦੇ ਨਾਲ ਅਨੁਬੰਧ ਹਨ। ਛੋਟੇ ਵਿਵਸਾਇਆਂ ਅਤੇ ਦੂਜੇ ਵਿਵਸਾਇਆਂ ਉੱਤੇ ਪ੍ਰਸਤਾਵਤ ਵਿਨਿਆਮਕ ਕਾਰਵਾਈ ਦੇ ਆਰਥਕ ਪ੍ਰਭਾਅ ਦਾ ਵੇਰਵੇ-ਵਾਰ ਨਿਰਧਾਰਣ ਆਈਐਸਓਆਰ ਵਿੱਚ ਪਾਇਆ ਜਾ ਸਕਦਾ ਹੈ।

ਸਰਕਾਰੀ ਕੋਡ ਧਾਰਾਵਾਂ 11346.3(ਸੀ) ਅਤੇ 11346.5(ਏ)(11) ਦੀ ਪਾਲਣਾ ਵਿੱਚ, ਕਾਰਜਕਾਰੀ ਅਧਿਕਾਰੀ ਨੇ ਵੇਖਿਆ ਕਿ ਉਸ ਵਿਨਿਯਮ ਦੀ ਰਿਪੋਰਟਿੰਗ ਲੋੜਾਂ ਜੋ ਵਿਵਸਾਇਆਂ ਉੱਤੇ ਲਾਗੂ ਹੁੰਦਾ ਹੈ, ਕੈਲੀਫੋਰਨਿਆ ਰਾਜਏ ਦੇ ਲੋਕਾਂ ਦੀ ਸੇਹਤ, ਸੁਰੱਖਿਆ ਅਤੇ ਭਲਾਈ ਲਈ ਜਰੂਰੀ ਹਨ। ਰਿਪੋਰਟਿੰਗ ਲੋੜਾਂ ਵਿਨਿਯਮ ਨੂੰ ਲਾਗੂ ਕਰਨ ਲਈ ਜਰੂਰੀ ਹਨ। ਪ੍ਰਭਾਵੀ ਤੌਰ ਤੇ ਲਾਗੂ ਕਰਨ ਤੋਂ ਬਿਨਾ, ਅਸੀ ਪ੍ਰਸਤਾਵਤ ਵਿਨਿਯਮ ਦੇ ਸੰਬੰਧ ਵਿੱਚ ਐਮੀਸ਼ਨ ਵਿੱਚ ਘਾਟ ਅਤੇ ਜਨਤੱਕ ਸੇਹਤ ਲਾਹੇ ਪ੍ਰਾਪਤ ਨਹੀਂ ਕਰ ਸਕਦੇ।

ਪ੍ਰਸਤਾਵਤ ਵਿਨਿਆਮਕ ਕਾਰਵਾਈ ਉੱਤੇ ਅਖੀਰਲੀ ਕਾਰਵਾਈ ਕਰਨ ਤੋਂ ਪਹਿਲਾਂ, ਬੋਰਡ ਨੂੰ ਇਹ ਨਿਰਧਾਰਣ ਕਰਨਾ ਜਰੂਰੀ ਹੈ ਕਿ ਬੋਰਡ ਵਲੋਂ ਕਿਸੇ ਵੀ ਉਚੱਤ ਵਿਕਲੱਪ ਉੱਤੇ ਵਿਚਾਰ ਨਹੀਂ ਕੀਤਾ ਜਾਵੇਗਾ ਜਾਂ ਕਿਸੇ ਦੂਜੇ ਢੰਗ ਨਾਲ ਪਛਾਣਿਆ ਗਿਆ ਹੈ ਅਤੇ ਜਿਸ ਉੱਤੇ ਬੋਰਡ ਦਾ ਧਿਆਨ ਲੈ ਆਇਆ ਗਿਆ ਹੈ, ਉਸ ਉਦੇਸ਼ ਨੂੰ ਪੂਰਾ ਕਰਨ ਵਿੱਚ ਵੱਧ ਪ੍ਰਭਾਵੀ ਹੋਵੇਗਾ ਜਿਸਦੇ ਲਈ ਕਾਰਵਾਈ ਪ੍ਰਸਤਾਵਤ ਹੈ ਜਾਂ ਇਹ ਪ੍ਰਸਤਾਵਤ ਕਾਰਵਾਈ ਨਾਲੋਂ ਪ੍ਰਭਾਵਤ ਨਿਜੀ ਲੋਕਾਂ ਲਈ ਉਹਨੀ ਹੀ ਪ੍ਰਭਾਵੀ ਅਤੇ ਘੱਟ ਬੋਝ ਵਾਲਾ ਹੋਵੇਗਾ।

## ਟਿੱਪਣੀਆਂ ਜਮਾ ਕਰਨਾ

ਦਿਲਚਸਪੀ ਰੱਖਣ ਵਾਲੇ ਲੋਕ ਵੀ ਬੈਠਕ ਵਿੱਚ ਮੂੰਹ ਤੋਂ ਬੋਲਕੇ ਜਾਂ ਲਿੱਖਿਤ ਵਿੱਚ ਅਤੇ ਬੈਠਕ ਤੋਂ ਪਹਿਲਾਂ ਈਮੇਲ ਜਾਂ ਦੂਜੀ ਤਰ੍ਹਾਂ ਲਿੱਖਕੇ ਆਪਣੀਆਂ ਟਿੱਪਣੀਆਂ ਪੇਸ਼ ਕਰ ਸਕਦੇ ਹਨ। ਬੋਰਡ ਵਲੋਂ ਵਿਚਾਰੇ ਜਾਣ ਲਈ, ਲਿੱਖਿਤ ਟਿੱਪਣੀਆਂ ਭੌਤਕ ਤੌਰ ਤੇ ਬੈਠਕ ਵਿੱਚ ਜਮਾ ਨਹੀਂ ਕੀਤੀ ਜਾਵੇ, ਸਗੋਂ **ਮਿਤੀ 10 ਦਿਸੰਬਰ 2008 ਨੂੰ ਦੋਪਹਿਰੀ 12.00 ਵਜੇ ਤੋਂ ਪਹਿਲਾਂ** ਪ੍ਰਾਪਤ ਹੋ ਜਾਣੀ ਚਾਹੀਦੀਆਂ ਹਨ ਅਤੇ ਹੇਠ ਲਿੱਖੇ ਪਤੇ ਭੇਜੀਆਂ ਜਾਣੀ ਚਾਹੀਦੀਆਂ ਹਨ:

ਡਾਕ ਪਤਾ: ਬੋਰਡ ਦਾ ਕਲਰਕ, ਏਅਰ ਰਿਸੋਰਸਿਸ ਬੋਰਡ
1001 I ਸਟ੍ਰੀਟ, ਸੈਕਰਾਮੇਂਟੋ, ਕੈਲੀਫੋਰਨਿਆ 95814

ਇਲੈਕਟ੍ਰਾੱਨਿਕ ਜਮਾ: http://www.arb.ca.gov/lispub/comm/bclist.php

ਫੈਕਸ ਜਮਾ: (916) 322-3928

ਕਿਰਪਾ ਕਰਕੇ ਨੋਟ ਕਰੋ ਕਿ ਕੈਲੀਫੋਰਨਿਆ ਜਨਤੱਕ ਰਿਕਾੱਰਡ ਐਕਟ (ਸਰਕਾਰ ਕੋਡ, §6250 et seq.) ਅਧੀਨ, ਤੁਹਾਡੀ ਲਿੱਖਿਤ ਅਤੇ ਮੌਖਿਕ ਸ਼ਿਕਾਅਤਾਂ, ਸੰਲਗਨ ਅਤੇ ਸੰਬੰਧਤ ਸੰਪਰਕ ਜਾਣਕਾਰੀ (ਮਿਸਾਲ ਵਜੋਂ ਤੁਹਾਡਾ ਪਤਾ, ਫੋਨ ਨੰਬਰ, ਈਮੇਲ ਪਤਾ ਆਦਿ) ਜਨਤੱਕ ਰਿਕਾੱਰਡ ਦਾ ਭਾਗ ਬਣ ਜਾਂਦਾ ਹੈ ਅਤੇ ਬੇਨਤੀ ਕਰਨ ਤੇ ਜਨਤਾ ਨੂੰ ਦਿੱਤਾ ਜਾ ਸਕਦਾ ਹੈ। ਹੋਰ, ਇਹ ਜਾਣਕਾਰੀ ਗੂਗਲ, ਯਾਹੂ ਅਤੇ ਕਿਸੇ ਦੂਜੇ ਸਰਚ ਇੰਜ਼ਨ ਰਾਹੀਂ ਉਪਲਬੱਧ ਹੋ ਸਕਦੀ ਹੈ।

ਬੋਰਡ ਬੇਨਤੀ ਕਰਦਾ ਹੈ, ਪਰ ਲੋੜੀਂਦੀ ਨਹੀਂ ਹੈ, ਕਿ ਲਿੱਖਿਤ ਬਿਆਨ ਦੀ 30 ਪ੍ਰਤੀਆਂ ਜਮਾ ਕੀਤੀਆਂ ਜਾਣ ਅਤੇ ਕਿ ਸਾਰੇ ਲਿੱਖਿਤ ਬਿਆਨ ਸੁਣਵਾਈ ਤੋਂ ਘੱਟ ਤੋਂ ਘੱਟ 10 ਦਿਨਾਂ ਪਹਿਲਾਂ ਫਾਈਲ ਕੀਤੇ ਜਾਣ ਤਾਂ ਜੋ ਏਆਰਬੀ ਸਟਾਫ ਅਤੇ ਬੋਰਡ ਮੈਂਬਰਾਨਾਂ ਕੋਲ ਹਰ ਇੱਕ ਟਿੱਪਣੀ ਉੱਤੇ ਪੂਰੀ ਤਰ੍ਹਾਂ ਵਿਚਾਰ ਕਰਨ ਦਾ ਸਮਾਂ ਹੋਵੇ। ਬੋਰਡ ਲੋਕਾਂ ਨੂੰ ਸਟਾਫ ਦਾ ਧਿਆਨ ਸੁਣਵਾਈ ਤੋਂ ਪਹਿਲਾਂ ਹੀ ਪ੍ਰਸਤਾਵਤ ਵਿਨਿਆਮਕ ਕਾਰਵਾਈ ਦੇ ਸੰਸ਼ੋਧਨ ਲਈ ਕਿਸੇ ਸੁਝਾਅ ਵੱਲ ਲਿਆਉਣ ਲਈ ਪ੍ਰੇਰਦਾ ਹੈ।

## ਵੈਧਾਨਕ ਅਧਿਕਰਣ ਅਤੇ ਸੰਦਰਭ

ਇਹ ਵਿਨਿਆਮਕ ਕਾਰਵਾਈ ਸੇਹਤ ਅਤੇ ਸੁਰੱਖਿਆ ਕੋਡ ਧਾਰਾ 38510, 38560, 39560.5, 39600, 39601 ਵਿੱਚ ਦਿੱਤੇ ਗਏ ਅਧਿਕਾਰ ਅਧੀਨ ਪ੍ਰਸਤਾਵਤ ਹੈ। ਇਹ ਕਾਰਵਾਈ ਵਿਸ਼ੇਸ਼ ਸੇਹਤ ਅਤੇ ਸੁਰੱਖਿਆ ਕੋਡ ਧਾਰਾ 38560, 39560.5, 38580 ਅਤੇ 39600 ਨੂੰ ਲਾਗੂ, ਸਮਝਾਉਣ ਅਤੇ ਬਣਾਉਣ ਲਈ ਪ੍ਰਸਤਾਵਤ ਹੈ।

## ਸੁਣਵਾਈ ਪ੍ਰਕ੍ਰਿਆਵਾਂ

ਜਨਤੱਕ ਸੁਣਵਾਈ ਸਰਕਾਰ ਕੋਡ ਦੇ ਕੈਲੀਫੋਰਨਿਆ ਪ੍ਰਬੰਧਕੀ ਪ੍ਰਕ੍ਰਿਆ ਐਕਟ, ਸਿਰਲੇਖ 2, ਡਿਵੀਜ਼ਨ 3, ਭਾਗ 1, ਪਾਠ 3.5 (ਖੰਡ 11340 ਨਾਲ ਸ਼ੁਰੂ ਹੋਣ ਵਾਲਾ ਦੀ ਪਾਲਣਾ ਵਿੱਚ ਕੀਤੀ ਜਾਵੇਗੀ।

ਜਨਤੱਕ ਸੁਣਵਾਈ ਦੇ ਬਾਦ, ਬੋਰਡ ਮੂਲ ਰੂਪ ਤੋਂ ਪ੍ਰਸਤਾਵਤ ਮੁਤਾਬਕ ਜਾਂ ਗੈਰ-ਵਾਸਤਵਕ ਜਾਂ ਵਿਆਕਰਣ ਸੰਬੰਧੀ ਸੰਸ਼ੋਧਨਾਂ ਦੇ ਨਾਲ ਵਿਨਿਆਮਕ ਭਾਸ਼ਾ ਧਾਰਣ ਧਾਰਣ ਕਰ ਸਕਦਾ ਹੈ। ਬੋਰਡ ਦੂਜੇ ਸੰਸ਼ੋਧਨਾਂ ਦੇ ਨਾਲ ਪ੍ਰਸਤਾਵਤ ਵਿਨਿਆਮਕ ਭਾਸ਼ਾ ਵੀ ਧਾਰਣ ਕਰ ਸਕਦਾ ਹੈ ਜੇਕਰ ਸੰਸ਼ੋਧਤ ਪਾਠ ਮੂਲ ਪ੍ਰਸਤਾਵਤ ਪਾਠ ਤੋਂ ਕਾਫੀ ਸੰਬੰਧਤ ਹੁੰਦਾ ਹੈ

ਜੋ ਲੋਕਾਂ ਨੇ ਲੋੜ ਮੁਤਾਬਕ ਨੋਟਿਸ ਤੇ ਲੱਗਾਇਆ ਸੀ ਅਤੇ ਕਿ ਸੰਸ਼ੋਧਤ ਵਿਨਿਆਮਕ ਭਾਸ਼ਾ ਪ੍ਰਸਤਾਵਤ ਵਿਨਿਆਮਕ ਕਾਰਵਾਈ ਦਾ ਨਤੀਜਾ ਹੋ ਸਕਦੀ ਸੀ; ਅਜਿਹੇ ਮੌਕੇ ਵਿੱਚ, ਪੂਰਨ ਵਿਨਿਆਮਕ ਪਾਠ, ਜਿਸ ਵਿੱਚ ਸੰਸ਼ੋਧਨ ਸਪਸ਼ਟ ਤੌਰ ਤੇ ਦੱਸੇ ਗਏ ਹੋਣ, ਲੋਕਾਂ ਨੂੰ ਉਸਦੀ ਧਾਰਣਾ ਤੋਂ ਘੱਟ ਤੋਂ ਘੱਟ 15 ਦਿਨ ਪਹਿਲਾਂ ਲਿੱਖਿਤ ਟਿੱਪਣੀ ਲਈ ਉਪਲਬੱਧ ਕਰਾਇਆ ਜਾਵੇਗਾ।

ਲੋਕ ਏਆਰਬੀ ਦੇ ਜਨਤੱਕ ਜਾਣਕਾਰੀ ਦਫਤਰ, ਏਅਰ ਰਿਸੋਰਸਿਸ ਬੋਰਡ, 1001 I ਸਟ੍ਰੀਟ, ਵਿਜ਼ੀਟਰਸ ਐਂਡ ਐਨਵਾਯਰਨਮੈਂਟਲ ਸਰਵਿਸਿਸ ਸੇਂਟਰ, ਪਹਿਲੀ ਮੰਜ਼ਲ, ਸੈਕਰਾਮੇਂਟੋ, ਕੈਲੀਫੋਰਨਿਆ, 95814, (916) 322-2990 ਤੋਂ ਸੰਸ਼ੋਧਤ ਵਿਨਿਆਮਕ ਪਾਠ ਦੀ ਪ੍ਰਤੀ ਲਈ ਬੇਨਤੀ ਕਰ ਸਕਦੀ ਹੈ।

ਕੈਲੀਫੋਰਨਿਆ ਏਅਰ ਰਿਸੋਰਸਿਸ ਬੋਰਡ

ਜੇਮਸ ਐਮ. ਗੋਲਡਸਟੀਨ (James N. Goldstene)
ਕਾਰਜਕਾਰੀ ਅਧਿਕਾਰੀ

ਮਿਤੀ: 14 ਅਕਟੂਬਰ 2008

*ਉਰਜਾ ਚੁਣੌਤੀ ਜਿਸਦਾ ਕੈਲੀਫੋਰਨਿਆ ਸਾਹਮਣਾ ਕਰ ਰਿਹਾ ਹੈ, ਉਹ ਵਾਸਤਵਕ ਹੈ। ਕੈਲੀਫੋਰਨਿਆ ਦੇ ਹਰ ਇੱਕ ਨਿਵਾਸੀ ਨੂੰ ਉਰਜਾ ਉਪਭੋਗ ਘੱਟਾਉਣ ਲਈ ਤੁਰੰਤ ਕਦਮ ਚੁੱਕਣ ਦੀ ਲੋੜ ਹੈ। ਉਹਨਾਂ ਸੌਖੇ ਤਰੀਕਿਆਂ ਜਿਹਨਾਂ ਨਾਲ ਤੁਸੀ ਮੰਗ ਅਤੇ ਆਪਣੀ ਉਰਜਾ ਲਾਗਤਾਂ ਨੂੰ ਘੱਟਾ ਸਕਦੇ ਹੋ, ਦੀ ਸੂਚੀ ਲਈ www.arb.ca.gov ਤੇ ਸਾਡੀ ਵੈਬਸਾਈਟ ਵੇਖੋ।*